ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)

# ਖੇਤੀ ਦੁਨੀਆਂ

Excellence in Agri Info

KHETI DUNIYAN, PATIALA

Rs.10/-

All Subject to Patiala Jurisdiction.

www.khetiduniyan.in

Editor : Jagpreet Singh • RNI/PUNPUN00806 • Issue Dated 10-08-2024 • Vol.42 No.32 • Ph. : 0175-2214575, 90410-14575 • Page : 16 | E-mail : khetiduniyan1983@gmail.com







ਮੱਕੀ - ਸੁਚੱਜਾ ਕੀਟ ਪ੍ਰਬੰਧਨ ...



ਅਮਰੂਦ ਖਾਓ, ਸਿਹਤ ਬਣਾਓ ਅਤੇ ਬਿਮਾਰੀਆਂ ਭਜਾਓ

# ਪੀ.ਏ.ਯੂ. ਨੇ ਪੱਤਾ ਮਰੋੜ ਰੋਗ ਦਾ ਤੋੜ ਲੱਭਿਆ

ਅਮਰੀਕੀ ਨਰਮੇ ਨੂੰ ਤਬਾਹ ਕਰਨ ਵਾਲੇ ਪੱਤਾ ਮਰੋੜ ਰੋਗ (ਸੀ ਐਲ ਸੀ ਯੂ ਡੀ) ਦਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵਿਗਿਆਨੀਆਂ ਨੇ ਤੋੜ ਲੱਭ ਲਿਆ ਹੈ ।

ਪੀ.ਏ.ਯੂ. ਦੇ ਵਾਈਸ-ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ ਨੇ ਦੱਸਿਆ ਕਿ ਪੱਤਾ ਮਰੋੜ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਨਾਲ-ਨਾਲ ਪਾਕਿਸਤਾਨ ਵਿਚ ਅਮਰੀਕੀ ਨਰਮੇ ਦੇ ਉਤਪਾਦਨ ਨੂੰ ਪ੍ਰਭਾਵਿਤ ਕਰਨ ਵਾਲੀ ਸਭ ਤੋਂ ਗੰਭੀਰ ਬਿਮਾਰੀ ਹੈ । ਚੀਨ ਵਿਚ ਵੀ ਇਹ ਬਿਮਾਰੀ ਸਾਹਮਣੇ ਆਈ ਹੈ । ਅੰਤਰਰਾਸ਼ਟਰੀ ਨਰਮਾ ਸਲਾਹਕਾਰ ਕਮੇਟੀ ਦੇ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ ਪੀ.ਏ.ਯੂ. ਦੇ ਨਿਰਦੇਸ਼ਕ ਖੋਜ ਡਾ. ਅਜਮੇਰ ਸਿੰਘ ਢੱਟ ਨੇ ਖੁਲਾਸਾ ਕੀਤਾ ਕਿ ਤਿੰਨ ਦੇਸ਼-ਭਾਰਤ, ਪਾਕਿਸਤਾਨ ਅਤੇ ਚੀਨ ਦੁਨੀਆਂ ਦੇ ਲਗਭਗ ਅੱਧੇ (49 ਫੀਸਦੀ) ਨਰਮੇ ਦਾ ਉਤਪਾਦਨ ਕਰਦੇ ਹਨ । ਵਿਸ਼ਵ ਦੇ ਨਰਮਾ ਕਾਸ਼ਤਕਾਰਾਂ ਵਿਚੋਂ ਲਗਭਗ 85 ਫੀਸਦੀ (20.44 ਮਿਲੀਅਨ) ਇਨ੍ਹਾਂ ਤਿੰਨ ਏਸ਼ੀਆਈ ਦੇਸ਼ਾਂ ਵਿਚ ਰਹਿੰਦੇ ਹਨ । ਇਸ ਲਈ, ਏਸ਼ੀਆ ਅਤੇ ਦੁਨੀਆ ਭਰ ਵਿਚ ਕਪਾਹ ਦੇ ਉਤਪਾਦਨ ਦੀ ਸਥਿਰਤਾ ਲਈ ਪੱਤਾ ਮਰੋੜ ਬਿਮਾਰੀ ਦੀ ਰੋਕਥਾਮ ਬਹੁਤ ਜ਼ਰੂਰੀ ਹੈ । ਪੀ. ਏ. ਯੂ. ਦੇ ਵਿਗਿਆਨੀਆਂ ਨੇ 20 ਸਾਲਾਂ ਤੱਕ ਚੱਲੇ ਲੰਮੇ ਖੋਜ ਕਾਰਜ ਤੋਂ ਬਾਅਦ ਗੋਸੀਪੀਅਮ ਆਰਮੋਰੀਅਨਮ ਦਾ ਪ੍ਰਯੋਗ ਕਰਕੇ ਇਸ ਰੋਗ ਦੇ ਖਿਲਾਫ ਵਾਇਰਸ ਪ੍ਰਤੀਰੋਧੀ ਪ੍ਰਜਨਨ ਲਾਇਨ ਵਿਕਸਿਤ ਕਰਨ ਵਿਚ ਸਫਲਤਾ ਪ੍ਰਾਪਤ ਕਰ ਲਈ ਹੈ ।

ਡਾ. ਵਰਿੰਦਰ ਸਿੰਘ ਸੋਹੂ, ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ ਦੇ ਮੁਖੀ, ਨੇ ਚਿੱਟੀ ਮੱਖੀ ਦੁਆਰਾ ਸੰਚਾਰਿਤ ਵਾਇਰਸ ਦੇ ਆਰਥਿਕ ਪ੍ਰਭਾਵਾਂ ਬਾਰੇ ਗੱਲ ਕੀਤੀ । ਉਨ੍ਹਾਂ ਦੱਸਿਆ ਕਿ 1992 ਤੋਂ 1997 ਤੱਕ ਪਾਕਿਸਤਾਨ ਵਿਚ ਲਗਭਗ 5 ਬਿਲੀਅਨ ਡਾਲਰ ਦੇ ਆਰਥਿਕ ਨੁਕਸਾਨ ਅਤੇ ਭਾਰਤ ਵਿਚ ਨਰਮੇ ਦੇ ਝਾੜ ਵਿਚ 40 ਫੀਸਦੀ ਕਮੀ ਦਰਜ ਕੀਤੀ ਗਈ ਸੀ । ਉਪਜ ਦੇ ਨੁਕਸਾਨ ਤੋਂ ਇਲਾਵਾ ਪੱਤਾ ਮਰੋੜ ਕਪਾਹ ਦੇ ਰੇਸ਼ੇ ਦੇ ਮਿਆਰ 'ਤੇ ਵੀ ਬੁਰਾ ਪ੍ਰਭਾਵ ਪਾਉਂਦਾ ਹੈ, ਜੋ ਕਿ ਫਸਲ ਦਾ ਸਭ ਤੋਂ ਮੁੱਢਲਾ ਗੁਣ ਮੰਨਿਆ ਜਾਂਦਾ ਹੈ । ਪੱਤਾ ਮਰੋੜ ਬਿਮਾਰੀ ਦੇ ਲੱਛਣਾਂ ਦਾ ਵੇਰਵਾ ਦਿੰਦੇ ਹੋਏ ਡਾ. ਪੰਕਜ ਰਾਠੌਰ ਪ੍ਰਿੰਸੀਪਲ ਕਪਾਹ ਬਰੀਡਰ ਅਤੇ ਫਰੀਦਕੋਟ ਵਿਚ ਪੀ ਏ ਯੂ ਦੇ ਖੇਤਰੀ ਖੋਜ ਸਟੇਸ਼ਨ ਦੇ ਸਾਬਕਾ ਨਿਰਦੇਸ਼ਕ ਨੇ ਦੱਸਿਆ ਕਿ ਇਹ ਵਾਇਰਸ ਪੱਤਿਆਂ 'ਤੇ ਛੋਟੀਆਂ ਨਾੜੀਆਂ ਦੇ ਸੰਘਣੇ ਹੋਣ ਨਾਲ ਸ਼ੁਰੂ ਹੁੰਦਾ ਹੈ, ਜਿਸ ਨਾਲ ਛੋਟੀਆਂ ਨਾੜੀਆਂ ਦਾ ਇੱਕ ਨਿਰੰਤਰ ਨੈੱਟਵਰਕ ਬਣ ਜਾਂਦਾ ਹੈ । ਹੋਰ ਲੱਛਣਾਂ ਵਿਚ ਪੱਤਿਆਂ ਦਾ ਉੱਪਰ ਵੱਲ ਜਾਂ ਹੇਠਾਂ ਵੱਲ ਝੁਕਣਾ, ਅਤੇ ਕਈ ਮਾਮਲਿਆਂ ਵਿਚ, ਪੱਤਿਆਂ ਦੀ ਹੇਠਲੀ ਸਤਹ 'ਤੇ ਕੱਪ-ਆਕਾਰ ਦੇ ਵਾਧੇ ਦਾ ਬਣਨਾ, ਜਿਸਦੇ ਨਤੀਜੇ ਵਜੋਂ ਪੌਦੇ ਰੁਕ ਜਾਂਦੇ ਹਨ । ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਇਸ ਬਿਮਾਰੀ ਦੇ ਪ੍ਰਬੰਧਨ ਲਈ ਸੀ ਐਲ ਸੀ ਯੂ ਡੀ-ਸਹਿਣਸ਼ੀਲ ਨਰਮੇ ਦੀਆਂ ਕਿਸਮਾਂ ਨੂੰ ਵਿਕਸਤ ਕਰਨਾ ਹੀ ਇਕ ਹਕੀਕੀ ਬਦਲ ਹੈ । ਹਾਲਾਂਕਿ ਅਤੀਤ ਵਿਚ ਕਈ ਸਹਿਣਸ਼ੀਲ ਕਿਸਮਾਂ ਵਿਕਸਿਤ ਕੀਤੀਆਂ ਗਈਆਂ ਹਨ, ਨਵੇਂ ਵਾਇਰਲ ਸਟ੍ਰੇਨਾਂ ਨੇ ਸਾਰੀਆਂ ਮੌਜੂਦਾ ਕਿਸਮਾਂ ਨੂੰ ਸੰਵੇਦਨਸ਼ੀਲ ਬਣਾ ਦਿੱਤਾ ਹੈ, ਜਿਸ ਵਿਚ ਟ੍ਰਾਂਸਜੇਨਿਕ ਬੀ ਟੀ-ਨਰਮਾ ਹਾਈਬ੍ਰਿਡ ਵੀ ਸ਼ਾਮਲ ਹਨ । ਡਾ. ਧਰਮਿੰਦਰ ਪਾਠਕ ਨੇ ਫਸਲਾਂ ਦੇ ਪ੍ਰਜਨਨ ਵਿੱਚ ਇਕ ਆਮ ਸਮੱਸਿਆ ਬਾਰੇ ਵਿਸਥਾਰ ਨਾਲ ਦੱਸਿਆ । ਉਨ੍ਹਾਂ ਦੱਸਿਆ ਕਿ ਫਸਲਾਂ ਦੇ ਪੌਦਿਆਂ ਦੀਆਂ ਸਬੰਧਤ ਕਿਸਮਾਂ ਅਤੇ ਜੰਗਲੀ ਨਸਲਾਂ ਆਰਥਿਕ ਤੌਰ 'ਤੇ ਮਹੱਤਵਪੂਰਨ ਜੀਨਾਂ ਦੇ ਸਰੋਤ ਹਨ । ਸਿੱਟੇ ਵਜੋਂ ਪੀ.ਏ.ਯੂ. ਨੇ ਲਗਭਗ 20 ਸਾਲ ਪਹਿਲਾਂ ਅਮਰੀਕੀ ਨਰਮੇ ਵਿਚ ਜੰਗਲੀ ਕਪਾਹ ਦੀਆਂ ਕਿਸਮਾਂ ਤੋਂ ਸੀ ਐਲ ਸੀ ਯੂ ਡੀ ਦਾ ਸਾਹਮਣਾ ਕਰਨ ਵਾਲੇ ਜੀਨਾਂ ਨੂੰ ਸ਼ਾਮਲ ਕਰਨ ਲਈ ਇਕ ਵਿਆਪਕ-ਹਾਈਬ੍ਰਿਡਾਈਜੇਸ਼ਨ ਪ੍ਰੋਗਰਾਮ ਸ਼ੁਰੂ ਕੀਤਾ ਸੀ । ਪੀ ਏ ਯੂ ਨੇ ਜੰਗਲੀ ਕਪਾਹ ਦੀਆਂ ਕਿਸਮਾਂ ਗੋਸੀਪੀਅਮ ਆਰਮੋਰੀਅਨਮ ਤੋਂ ਟ੍ਰਾਂਸਫਰ ਕੀਤੇ ਪ੍ਰਤੀਰੋਧਕ ਜੀਨਾਂ ਦੇ ਨਾਲ ਪੱਤਾ ਮਰੋੜ ਪ੍ਰਤੀਰੋਧ ਵਾਲੀਆਂ ਕੁਲੀਨ ਅਮਰੀਕੀ ਨਰਮਾ ਪ੍ਰਜਨਨ ਲਾਈਨਾਂ ਵਿਕਸਿਤ ਕੀਤੀਆਂ ਹਨ ।



ਪੀ ਏ ਯੂ ਦੁਆਰਾ ਕੀਤੀ ਇਹ ਪ੍ਰਾਪਤੀ ਦੁਨੀਆਂ ਦੀ ਨਰਮਾ ਖੋਜ ਵਿਚ ਇਕ ਮਹੱਤਵਪੂਰਨ ਮੀਲ ਪੱਥਰ ਸਾਬਿਤ ਹੋਵੇਗੀ ਅਤੇ ਉਸ ਨਾਲ ਉੱਤਰੀ ਭਾਰਤ ਵਿਚ ਨਰਮੇ ਦੇ ਉਤਪਾਦਨ ਵਿਚ ਵਾਧਾ ਹੋਣ ਦੀ ਆਸ ਹੈ ।






## ਪੀ.ਏ.ਯੂ. ਵੱਲੋਂ ਸਤੰਬਰ ਵਿੱਚ ਲਗਾਏ ਜਾ ਰਹੇ

# ਕਿਸਾਨ ਮੇਲੇ

| | | | |
|---|---|---|---|
| ਨਾਗਕਲਾਂ (ਅੰਮ੍ਰਿਤਸਰ) | 3 ਸਤੰਬਰ | ਗੁਰਦਾਸਪੁਰ | 18 ਸਤੰਬਰ |
| ਬੱਲੋਵਾਲ ਸੌਂਖੜੀ | 6 ਸਤੰਬਰ | ਰੌਣੀ (ਪਟਿਆਲਾ) | 24 ਸਤੰਬਰ |
| ਫਰੀਦਕੋਟ | 10 ਸਤੰਬਰ | ਬਠਿੰਡਾ | 27 ਸਤੰਬਰ |

**ਪੀ.ਏ.ਯੂ. ਲੁਧਿਆਣਾ 13 ਤੇ 14 ਸਤੰਬਰ**



ਮਨਦੀਪ ਪਠਾਨੀਆਂ, ਕ੍ਰਿਸ਼ਨ ਕੁਮਾਰ ਸ਼ਰਮਾ
ਅਤੇ ਬਲਵਿੰਦਰ ਸਿੰਘ ਢਿੱਲੋਂ




**ਆਮ ਤੌਰ 'ਤੇ ਮੱਕੀ ਦੀ ਫਸਲ 'ਤੇ ਬਿਜਾਈ ਤੋਂ ਲੈ ਕੇ ਵਾਢੀ ਤੱਕ ਵੱਖ ਕੀੜੇ-ਮਕੌੜਿਆਂ ਅਤੇ ਬਿਮਾਰੀਆਂ ਦਾ ਹਮਲਾ ਹੁੰਦਾ ਹੈ, ਜਿਨ੍ਹਾਂ ਦੀ ਸਮੇਂ-ਸਮੇਂ ਰੋਕਥਾਮ ਨਾ ਕੀਤੀ ਜਾਵੇ ਤਾਂ ਕਿਸਾਨਾਂ ਨੂੰ ਭਾਰੀ ਆਰਥਿਕ ਨੁਕਸਾਨ ਹੋ ਜਾਂਦਾ ਹੈ। ਹਾਲਾਂਕਿ, ਨੁਕਸਾਨ ਦੇ ਲੱਛਣਾਂ ਦੀ ਸਹੀ ਜਾਣਕਾਰੀ, ਕੀੜੇ-ਮਕੌੜਿਆਂ ਅਤੇ ਬਿਮਾਰੀਆਂ ਦੀ ਸਹੀ ਪਛਾਣ ਅਤੇ ਸਮੇਂ ਸਿਰ ਇਨ੍ਹਾਂ ਕੀੜੇ-ਮਕੌੜਿਆਂ ਅਤੇ ਬਿਮਾਰੀਆਂ ਦੀ ਰੋਕਥਾਮ ਕਰਕੇ ਅਸੀਂ ਫਸਲ ਤੋਂ ਚੰਗਾ ਝਾੜ ਲੈ ਸਕਦੇ ਹਾਂ।**

**ਨੁਕਸਾਨ ਪਹੁੰਚਾਉਣ ਵਾਲੇ ਮੁੱਖ ਕੀੜੇ**

**ਮੱਕੀ ਦਾ ਗੜੂੰਆਂ** : ਇਹ ਮੱਕੀ ਦਾ ਮੁੱਖ ਕੀੜਾ ਹੈ ਅਤੇ ਜੂਨ ਤੋਂ ਸਤੰਬਰ ਤੱਕ ਫਸਲ ਦਾ ਨੁਕਸਾਨ ਕਰਦਾ ਹੈ। ਇਸ ਕੀੜੇ ਦੀਆਂ ਸੁੰਡੀਆਂ ਪਹਿਲਾਂ ਬੂਟੇ ਦੇ ਪੱਤਿਆਂ ਉੱਪਰ ਝਰੀਟਾਂ ਪਾ ਦਿੰਦੀਆਂ ਹਨ ਅਤੇ ਗੋਭ ਰਾਹੀਂ ਤਣੇ ਵਿਚ ਮੋਰੀਆਂ ਕਰ ਦਿੰਦੀਆਂ ਹਨ। ਗੋਭ ਦਾ ਵਿਚਕਾਰਲਾ ਪੱਤਾ ਛਾਨਣੀ-ਛਾਨਣੀ ਹੋ ਜਾਂਦਾ ਹੈ। ਛੋਟੇ ਬੂਟਿਆਂ ਦੀਆਂ ਗੋਭਾਂ ਸੁੱਕ ਜਾਂਦੀਆਂ ਹਨ। ਇਸ ਕੀੜੇ ਦੀ ਰੋਕਥਾਮ ਲਈ ਹੇਠ ਲਿਖੇ ਉਪਰਾਲੇ ਕਰਨੇ ਚਾਹੀਦੇ ਹਨ :



ਮੱਕੀ ਦੇ ਮੁੱਢਾਂ, ਟਾਂਡਿਆਂ ਤੇ ਗੁੱਲਾਂ ਵਿਚ ਲੁਕੇ ਹੋਏ ਗੜੂੰਏਂ ਨੂੰ ਖਤਮ ਕਰੋ। ਮੱਕੀ ਵੱਢਣ ਤੋਂ ਤੁਰੰਤ ਬਾਅਦ ਖੇਤਾਂ ਨੂੰ ਵਾਹ ਦਿਓ ਤੇ ਮੁੱਢਾਂ ਨੂੰ ਇਕੱਠੇ ਕਰਕੇ ਨਸ਼ਟ ਕਰ ਦਿਉ। ਟਾਂਡੇ, ਛੱਲੀਆਂ ਤੇ ਗੁੱਲਾਂ ਨੂੰ ਅਖੀਰ ਫਰਵਰੀ ਤੱਕ ਵਰਤ ਲਓ ਅਤੇ ਬਚੇ ਹੋਏ ਟਾਂਡਿਆਂ ਨੂੰ ਵਰਤਣ ਲਈ ਕੁਤਰ ਲਓ। ਬੀਜ ਲਈ ਉਹੀ ਛੱਲੀਆਂ ਰੱਖੋ ਜਿਨ੍ਹਾਂ 'ਤੇ ਗੜੂੰਏ ਦਾ ਹਮਲਾ ਨਾ ਹੋਇਆ ਹੋਵੇ। ਗੋਡੀ ਕਰਦੇ ਸਮੇਂ ਗੜੂੰਏ ਦੇ ਸਖਤ ਹਮਲੇ ਵਾਲੇ ਬੂਟੇ ਪੁੱਟ ਕੇ ਨਸ਼ਟ ਕਰ ਦਿਓ।

ਟਰਾਕੋਗ੍ਰਾਮਾ (ਮਿੱਤਰ ਕੀੜਾ) ਰਾਹੀਂ ਪਰਜੀਵੀ ਕਿਰਿਆ ਕੀਤੇ ਹੋਏ ਕ੍ਰੋਸਾਈਰਾ ਦੇ 40,000 ਆਂਡੇ ਪ੍ਰਤੀ ਏਕੜ ਦੇ ਹਿਸਾਬ ਨਾਲ ਦੋ ਵਾਰੀ-ਪਹਿਲੀ ਵਾਰ 10 ਦਿਨਾਂ ਦੀ ਫਸਲ ਅਤੇ ਦੂਜੀ ਵਾਰ ਇਕ ਹਫਤੇ ਬਾਅਦ ਵਰਤੋ। ਇਹ ਆਂਡੇ ਗੂੰਦ ਨਾਲ ਟਰਾਈਕੋਕਾਰਡਾਂ ਉੱਪਰ ਚਿਪਕਾਏ ਹੋਏ ਹੁੰਦੇ ਹਨ। ਇਨ੍ਹਾਂ ਕਾਰਡਾਂ ਨੂੰ 40 ਬਰਾਬਰ ਹਿੱਸਿਆਂ ਵਿਚ ਇਸ ਤਰ੍ਹਾਂ ਕੱਟੋ ਕਿ ਹਰ ਹਿੱਸੇ ਉੱਪਰ ਤਕਰੀਬਨ 1000 ਆਂਡੇ ਹੋਣੇ ਚਾਹੀਦੇ ਹਨ। ਇਨ੍ਹਾਂ ਹਿੱਸਿਆਂ ਨੂੰ ਗੋਭ ਦੇ ਪੱਤਿਆਂ ਦੇ ਹੇਠਲੇ ਪਾਸੇ ਸ਼ਾਮ ਦੇ ਸਮੇਂ ਖੇਤ ਵਿਚ ਇਕਸਾਰ ਦੂਰੀ ਤੇ ਪਿੰਨ ਨਾਲ ਨੱਥੀ ਕਰੋ। ਇਹ ਕਾਰਡ ਮੀਂਹ ਵਾਲੇ ਦਿਨ ਨਹੀਂ ਵਰਤਣੇ ਚਾਹੀਦੇ।

ਬਿਜਾਈ ਤੋਂ 2-3 ਹਫਤੇ ਪਿਛੋਂ ਜਿਸ ਵੇਲੇ ਪੱਤਿਆਂ ਉੱਪਰ ਇਸ ਕੀੜੇ ਦਾ ਹਮਲਾ ਦਿਸੇ ਤਾਂ 30 ਮਿਲੀਲਿਟਰ ਕੋਰਾਜ਼ਨ 18.5 ਐਸ ਸੀ (ਕਲੋਰਐਂਟਰਾ ਨੀਲੀਪਰੋਲ) ਨੂੰ 60 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨੈਪਸੈਕ ਪੰਪ ਨਾਲ ਛਿੜਕਾਅ ਕਰੋ।

**ਫਾਲ ਆਰਮੀਵਰਮ** : ਇਹ ਕੀੜਾ ਅਮਰੀਕਨ ਦੇਸ਼ਾਂ ਵਿਚ ਪਾਇਆ ਜਾਣ ਵਾਲਾ ਇਕ ਬਹੁਤ ਹੀ ਵਿਨਾਸ਼ਕਾਰੀ ਕੀਟ ਹੈ ਜੋ ਕਿ ਪਿਛਲੇ 1-2 ਸਾਲਾਂ ਮਗਰੋਂ ਭਾਰਤ ਦੇ ਪੰਜਾਬ ਅਤੇ ਹੋਰ ਰਾਜਾਂ ਵਿਚ ਮੱਕੀ ਦੀ ਫਸਲ ਦਾ ਮੁੱਖ ਕੀੜਾ ਬਣ ਗਿਆ ਹੈ। ਇਸ ਕੀੜੇ ਦੀਆਂ ਛੋਟੀਆਂ ਸੁੰਡੀਆਂ ਗੋਭ ਦੇ ਪੱਤੇ ਵਿਚ ਗੋਲ ਤੇ ਅੰਡਾਕਾਰ ਮੋਰੀਆਂ ਬਣਾਉਂਦੀਆਂ ਹਨ। ਸੁੰਡੀਆਂ ਗੋਭ ਨੂੰ ਲਗਭਗ ਪੂਰੀ ਤਰ੍ਹਾਂ ਖਾ ਕੇ ਭਾਰੀ ਮਾਤਰਾ ਵਿਚ ਵਿੱਠਾਂ ਕਰਦੀਆਂ ਹਨ। ਇਸ ਦੀ ਰੋਕਥਾਮ ਲਈ ਹੇਠ ਲਿਖੇ ਨੁਕਤੇ ਅਪਣਾਉ :

★ ਇਸ ਕੀੜੇ ਦੀ ਰੋਕਥਾਮ ਲਈ 0.4 ਮਿਲੀਲਿਟਰ ਕੋਰਾਜਨ 18.5 ਐਸ ਸੀ (ਕਲੋਰਐਂਟਰਾਨਿਲੀਪਰੋਲ) ਜਾਂ 0.5 ਮਿਲੀਲਿਟਰ ਡੈਲੀਗੇਟ 11.7 ਐਸ ਸੀ (ਸਪਾਈਨਟੋਰਮ) ਜਾਂ 0.4 ਗ੍ਰਾਮ ਮਿਜ਼ਾਈਲ 5 ਐਸ ਜੀ (ਐਮਾਮੈਕਟਿਨ ਬੈਂਜ਼ੋਏਟ) ਪ੍ਰਤੀ ਲਿਟਰ ਪਾਣੀ ਵਿਚ ਘੋਲ ਕੇ ਇਸ ਦਾ ਛਿੜਕਾਅ ਤੁਰੰਤ ਕਰੋ।

★ 20 ਦਿਨਾਂ ਤੱਕ ਦੀ ਫਸਲ ਲਈ 120 ਲਿਟਰ ਪਾਣੀ ਪ੍ਰਤੀ ਏਕੜ ਵਰਤੋ। ਇਸ ਤੋਂ ਬਾਅਦ ਪਾਣੀ ਦੀ ਮਾਤਰਾ 200 ਲਿਟਰ ਪ੍ਰਤੀ ਏਕੜ ਤੱਕ ਵਧਾਓ ਪਰ ਧਿਆਨ ਰੱਖੋ ਕਿ ਪਾਣੀ ਦੇ ਨਾਲ-ਨਾਲ ਉੱਪਰ ਦੱਸੇ ਕੀਟਨਾਸ਼ਕਾਂ ਦੀ ਮਾਤਰਾ ਵੀ ਉਸੇ ਅਨੁਪਾਤ ਵਿਚ ਵਧਾਉ।

★ ਕੀੜੇ ਦੀ ਕਾਰਗਰ ਰੋਕਥਾਮ ਲਈ ਛਿੜਕਾਅ ਮੱਕੀ ਦੀ ਗੋਭ ਵੱਲ ਨੂੰ ਕਰਨਾ ਜ਼ਰੂਰੀ ਹੈ।

★ ਜੇ ਹਮਲਾ ਧੌੜੀਆਂ ਵਿਚ ਹੋਵੇ ਜਾਂ ਫਸਲ 40 ਦਿਨਾਂ ਤੋਂ ਵੱਡੀ ਹੋ ਵੇ ਤੇ ਛਿੜਕਾਅ ਵਿਚ ਮੁਸ਼ਕਿਲ ਹੋਵੇ ਤਾਂ ਮਿੱਟੀ ਤੇ ਕੀਟਨਾਸ਼ਕ ਦੇ ਮਿਸ਼ਰਣ (ਲਗਭਗ ਅੱਧਾ ਗ੍ਰਾਮ) ਨੂੰ ਹਮਲੇ ਵਾਲੀਆਂ ਗੋਭਾਂ ਵਿਚ ਪਾ ਕੇ ਫਾਲ ਆਰਮੀਵਰਮ ਕੀੜੇ ਦੀ ਰੋਕਥਾਮ ਕੀਤੀ ਜਾ ਸਕਦੀ ਹੈ।

★ ਮਿਸ਼ਰਣ ਬਣਾਉਣ ਲਈ 5 ਮਿਲੀਲਿਟਰ ਕੋਰਾਜਨ 18.5 ਐਸ ਸੀ (ਕਲੋਰਐਂਟਰਾਨਿਲੀਪਰੋਲ) ਜਾਂ ਡੈਲੀਗੇਟ 11.7 ਐਸ ਸੀ (ਸਪਾਈਨਟੋਰਮ) ਜਾਂ 5 ਗ੍ਰਾਮ ਮਿਜ਼ਾਈਲ 5 ਗ੍ਰਾਮ ਮਿਜ਼ਾਈਲ 4 ਐਸ ਜੀ (ਐਮਾਮੈਕਟਿਨ ਬੈਂਜ਼ੋਏਟ) ਜਾਂ 25 ਗ੍ਰਾਮ ਡੇਲਫਿਨ ਡਬਲਯੂ ਜੀ (ਬੈਸੀਲਸ ਥੁਰੀਨਜਿਐਨਸਿਸ ਕੁਰਸਟਾਕੀ) 25 ਮਿਲੀਲਿਟਰ ਡਾਈਪਲ 8 ਐੱਲ (ਬੈਸੀਲਸ ਥੁਰੀਨਜਿਐਨਸਿਸ ਕੁਰਸਟਾਕੀ) ਨੂੰ 10 ਮਿਲੀਲਿਟਰ ਪਾਣੀ ਵਿਚ ਘੋਲ ਕੇ ਇਕ ਕਿਲੋ ਮਿੱਟੀ ਵਿਚ ਚੰਗੀ ਤਰ੍ਹਾਂ ਮਿਲਾਓ।

★ ਚਾਰੇ ਵਾਲੀ ਫਸਲ 'ਤੇ ਕੋਰਾਜਨ 18.5 ਐਸ ਸੀ ਨੂੰ 0.4 ਮਿਲੀਲਿਟਰ ਪ੍ਰਤੀ ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ। ਛਿੜਕਾਅ ਉਪਰੰਤ ਮੱਕੀ ਨੂੰ 21 ਦਿਨ ਤੱਕ ਪਸ਼ੂਆਂ ਲਈ ਨਾ ਵਰਤੋ।

**ਬੀਜ ਸੜਨਾ ਤੇ ਪੌਦਾ ਝੁਲਸਣਾ** : ਇਸ ਬਿਮਾਰੀ ਦੇ ਹਮਲੇ ਕਰਕੇ ਬੀਜ ਘੱਟ ਉੱਗਦਾ ਹੈ। ਬਿਮਾਰੀ ਨਾਲ ਪ੍ਰਭਾਵਿਤ ਬੂਟਿਆਂ ਦਾ ਵਾਧਾ ਰੁਕ ਜਾਂਦਾ ਹੈ ਅਤੇ ਛੋਟੇ ਪੌਦੇ ਮਰਨੇ ਸ਼ੁਰੂ ਹੋ ਜਾਂਦੇ ਹਨ।

**ਭੂਰੀ ਜਾਲੇਦਾਰ ਉੱਲੀ** : ਬਿਮਾਰੀ ਦੇ ਹਮਲੇ ਨਾਲ ਪੱਤਿਆਂ ਦੀਆਂ ਨਾੜੀਆਂ ਦੇ ਵਿਚਕਾਰਲੇ ਹਿੱਸੇ ਵਿਚ ਨੇੜੇ-ਨੇੜੇ ਭੂਰੀਆਂ ਧਾਰੀਆਂ ਪੈ ਜਾਂਦੀਆਂ ਹਨ। ਧਿਆਨ ਨਾਲ ਵੇਖਣ ਤੇ ਧਾਰੀਆਂ ਦੇ ਥੱਲੇ ਪੱਤੇ ਦੇ ਦੂਜੇ ਪਾਸੇ ਚਿੱਟੀ ਉੱਲੀ ਵੀ ਨਜ਼ਰ ਆਉਂਦੀ ਹੈ। ਇਸ ਬਿਮਾਰੀ ਦੀ ਉੱਲੀ ਤੱਕੜੀ ਘਾਹ 'ਤੇ ਪਲਦੀ ਹੈ।

★ **ਪਛੇਤਾ ਮੁਰਝਾਉਣਾ** : ਫੁੱਲ ਆਉਣ ਤੋਂ ਬਾਅਦ ਬੂਟੇ ਮੁਰਝਾਅ ਜਾਂਦੇ ਹਨ। ਟਾਂਡੇ ਦੀਆਂ ਹੇਠਲੀਆਂ ਪੋਰੀਆਂ ਦਾ ਰੰਗ ਬਦਲ ਜਾਂਦਾ ਹੈ। ਟਾਂਡੇ ਨੂੰ ਪਾੜਨ ਤੇ ਵਿਚਲੇ ਹਿੱਸੇ ਦਾ ਰੰਗ ਹੇਠੋਂ ਉੱਪਰ ਨੂੰ ਖਰਾਬ ਹੁੰਦਾ ਲੱਗਦਾ ਹੈ। ਬਿਮਾਰੀ ਦੀ ਰੋਕਥਾਮ ਲਈ ਸੁਧਰੀਆਂ ਕਿਸਮਾਂ ਬੀਜੋ।

**ਤਣੇ ਤੇ ਟਾਂਡੇ ਦੁਆਲੇ ਪੱਤੇ ਦਾ ਝੁਲਸ ਰੋਗ** : ਇਸ ਬਿਮਾਰੀ ਨਾਲ ਪੱਤੇ, ਤਣੇ ਦੁਆਲੇ ਪੱਤੇ, ਟਾਂਡੇ ਅਤੇ ਛੱਲੀਆਂ ਦੁਆਲੇ ਪੱਤਿਆਂ ਉੱਤੇ ਫਿੱਕੇ ਅਤੇ ਗੂੜੇ ਸਲੇਟੀ ਰੰਗ ਦੇ ਧੱਬੇ ਪੈ ਜਾਂਦੇ ਹਨ। ਬਾਅਦ ਵਿਚ ਇਹ ਧੱਬੇ ਇਕ ਦੂਜੇ ਨਾਲ ਮਿਲ ਕੇ ਕੌਡੀਆਂ ਵਰਗੇ ਨਜ਼ਰ ਆਉਂਦੇ ਹਨ। ਅਖੀਰ ਵਿਚ ਕਾਲੇ ਰੰਗ ਦੇ ਬੀਜਾਣੂੰ (ਸਕਲਰੋਸ਼ੀਆ) ਵੀ ਛੱਲੀਆਂ ਅਤੇ ਦਾਣਿਆਂ 'ਤੇ ਦਿਖਾਈ ਦਿੰਦੇ ਹਨ।

**ਕਾਸ਼ਤਕਾਰੀ ਉਪਰਾਲੇ**

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਲੋਂ ਸਿਫਾਰਸ਼ ਮੱਕੀ ਦੀਆਂ ਕਿਸਮਾਂ ਦਾ ਸਿਹਤਮੰਦ ਬੀਜੀ ਬੀਜੋ।

★ ਬਿਜਾਈ ਸਿਫਾਰਸ਼ ਸਮੇਂ 'ਤੇ ਕਰੋ।

★ ਬਿਮਾਰੀ ਦੇ ਵਧੇ ਤੇ ਫੈਲਾਅ ਦੀ ਸੰਭਾਵਨਾ ਨੂੰ ਘਟਾਉਣ ਲਈ ਬਿਮਾਰੀ ਨਾਲ ਬੂਟਿਆਂ ਦੀ ਰਹਿੰਦ-ਖੂੰਹਦ ਨੂੰ ਨਸ਼ਟ ਕਰੋ।

★ ਖੇਤ ਦਾ ਸਰਵੇਖਣ ਜ਼ਰੂਰ ਕਰੋ। ਖੇਤ ਵਿਚ ਪਾਣੀ ਦੇ ਨਿਕਾਸ ਦਾ ਚੰਗਾ ਪ੍ਰਬੰਧ ਹੋਣਾ ਚਾਹੀਦਾ ਹੈ।

★ ਬਿਮਾਰੀ ਵਾਲੇ ਦਾਣੇ ਮਸ਼ੀਨੀ ਛਾਣਨੀ ਨਾਲ ਅਲੱਗ ਕਰਕੇ ਬਿਮਾਰੀ ਰਹਿਤ ਅਲੱਗ ਕਰਕੇ ਬਿਮਾਰੀ ਨਾਲ ਅਲੱਗ ਕਰਕੇ ਬਿਮਾਰੀ ਰਹਿਤ ਬੀਜ ਬੜੀ ਆਸਾਨੀ ਨਾਲ ਲੈ ਸਕਦੇ ਹਾਂ। ਤੱਕੜੀ ਘਾਹ ਨੂੰ ਖਤਮ ਕਰੋ।

★ ਪੱਤਿਆਂ ਦੇ ਟਾਂਡੇ ਦਾ ਝੁਲਸ ਰੋਗ ਦੀ ਰੋਕਥਾਮ ਲਈ, ਜਿਉਂ ਹੀ ਬਿਮਾਰੀ ਦੀਆਂ ਨਿਸ਼ਾਨੀਆਂ ਨਜ਼ਰ ਆਉਣ ਤਾਂ 100 ਮਿਲੀਲਿਟਰ ਐਮੀਸਟਾਰ ਟੌਪ 325 ਐਸ ਸੀ (ਅਜ਼ੋਕਸੀਸਟਰੋਬਿਨ + ਡਾਈਫਿਨੋਕੋਨਜ਼ੋਲ) ਨੂੰ 200 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ। ਲੋੜ ਪੈਣ 'ਤੇ ਦੂਜਾ ਛਿੜਕਾਅ 15 ਦਿਨ ਦੇ ਵਕਫੇ ਤੇ ਕਰੋ। ਇਸ ਸਬੰਧ ਵਿਚ



ਕਿਸਾਨ ਭਰਾਵਾਂ ਨੂੰ ਚਾਹੀਦਾ ਹੈ ਕਿ ਉਹ ਖੇਤੀਬਾੜੀ ਯੂਨੀਵਰਸਿਟੀ ਦੇ ਮਾਹਿਰਾਂ ਦੀ ਸਲਾਹ ਪਹਿਲ ਆਧਾਰ 'ਤੇ ਲੈਣ।

**ਪੱਤਾ ਝੁਲਸ ਰੋਗ**

ਇਸ ਬਿਮਾਰੀ ਨਾਲ ਪੱਤਿਆਂ ਉੱਤੇ ਤੱਕਲਿਆਂ ਵਰਗੇ ਧੱਬੇ ਪੈ ਜਾਂਦੇ ਹਨ ਤੇ ਧੱਬਿਆਂ ਦੁਆਲੇ ਪੀਲੇ ਤੇ ਭੂਰੇ ਰੰਗ ਦੇ





ਘੇਰੇ ਬਣ ਜਾਂਦੇ ਹਨ। ਇਹ ਘੇਰੇ ਵੱਡੇ ਹੋ ਕੇ ਇਕ ਦੂਜੇ ਨਾਲ ਮਿਲ ਕੇ ਬੇਢੱਬੀ ਸ਼ਕਲ ਬਣਾ ਲੈਂਦੇ ਹਨ। ਇਹ ਨਿਸ਼ਾਨੀਆਂ ਪੱਤੇ ਅਤੇ ਛੱਲੀਆਂ ਦੇ ਪਰਦਿਆਂ 'ਤੇ ਵੀ ਪੈ ਜਾਂਦੀਆਂ ਹਨ। ਪਿਛੇਤੀ ਬਿਜਾਈ ਵਾਤਾਵਰਨ ਵਿਚ ਜ਼ਿਆਦਾ ਨਮੀਂ (80% ਤੋਂ ਜ਼ਿਆਦਾ) ਅਤੇ ਤਾਪਮਾਨ ਬਿਮਾਰੀ ਦੇ ਵਾਧੇ ਲਈ ਵਧੇਰੇ ਅਨੁਕੂਲ ਹੁੰਦੇ ਹਨ।

**ਕੀੜੇ ਦਾ ਖਾਤਮਾ ਕਰਨ ਲਈ ਕਰੋ ਬਿਹਤਰ ਉਪਰਾਲੇ**

★ ਇਸ ਕੀੜੇ ਦੇ ਵਾਧੇ ਅਤੇ ਫੈਲਾਅ ਨੂੰ ਸੀਮਤ ਕਰਨ ਲਈ ਮੱਕੀ ਦੀ ਬਿਜਾਈ ਸਿਰਫ ਸਿਫਾਰਿਸ਼ ਸਮੇਂ ਵਿਚ ਕਰਨੀ ਚਾਹੀਦੀ ਹੈ, ਜਿਸ ਦਾ ਕਿਸਾਨ ਨੂੰ ਲਾਭ ਹੁੰਦਾ ਹੈ।

★ ਨਾਲ ਵਾਲੇ ਖੇਤਾਂ ਵਿਚ ਮੱਕੀ ਦੀ ਬਿਜਾਈ ਥੋੜ੍ਹੇ-ਥੋੜ੍ਹੇ ਵਕਫੇ 'ਤੇ ਨਾ ਕਰੋ ਤਾਂ ਜੋ ਕੀੜੇ ਦਾ ਫੈਲਾਅ ਘਟਾਇਆ ਜਾ ਸਕੇ।

★ ਚਾਰੇ ਲਈ ਸਿਫਾਰਿਸ਼ ਕੀਤੀ ਬੀਜ ਦੀ ਮਾਤਰਾ (30 ਕਿਲੋ ਪ੍ਰਤੀ ਏਕੜ) ਨਾਲ ਕਤਾਰਾਂ ਵਿਚ ਹੀ ਬਿਜਾਈ ਕਰੋ।

★ ਚਾਰੇ ਵਾਲੀ ਮੱਕੀ ਵਿਚ ਬਾਜਰਾ/ਰਵਾਂਹ/ਜੁਆਰ ਰਲਾ ਕੇ ਬੀਜਣ ਨੂੰ ਹਮੇਸ਼ਾ ਹੀ ਤਰਜੀਹ ਦਿਓ।

★ ਸਹੀ ਮਿਕਦਾਰ ਵਿਚ ਖਾਦਾਂ ਅਤੇ ਪਾਣੀ ਦੀ ਵਰਤੋਂ ਕਰੋ।

★ ਪੱਤੇ 'ਤੇ ਦਿੱਤੇ ਆਂਡਿਆਂ ਨੂੰ ਨਸ਼ਟ ਕਰ ਦਿਉ। ਆਂਡਿਆਂ ਦੇ ਝੁੰਡ ਲੂਈ ਨਾਲ ਢੱਕੇ ਹੁੰਦੇ ਹਨ ਅਤੇ ਅਸਾਨੀ ਨਾਲ ਹੀ ਪੱਤੇ ਦੀ ਸਤਹਿ 'ਤੇ ਦਿੱਖ ਜਾਂਦੇ ਹਨ।

**ਟਾਂਡੇ ਗਲਣਾ** : ਇਸ ਬਿਮਾਰੀ ਦੇ ਹਮਲੇ ਨਾਲ ਤਣੇ 'ਤੇ ਪਾਣੀ ਭਿੱਜੇ ਨਿਸ਼ਾਨ ਪੈ ਜਾਂਦੇ ਹਨ ਅਤੇ ਹੌਲੀ-ਹੌਲੀ ਤਣੇ ਦਾ ਹੇਠਲਾ ਹਿੱਸਾ ਵੀ ਗਲਣਾ ਸ਼ੁਰੂ ਹੋ ਜਾਂਦਾ ਹੈ। ਤਣੇ ਦਾ ਗਲਣਾ ਬਹੁਤ ਤੇਜ਼ੀ ਨਾਲ ਵੱਧਦਾ ਹੋਇਆ ਕਾਫੀ ਹਿੱਸੇ ਤੱਕ ਫੈਲ ਜਾਂਦਾ ਹੈ। ਤਣੇ ਦਾ ਬਾਹਰੀ ਭਾਗ ਦਾ ਕੁਦਰਤੀ ਹਰਾਪਨ ਖਤਮ ਹੋ ਜਾਂਦਾ ਹੈ ਤੇ ਉਹ ਪਾਣੀ ਵਿਚ ਉਬਾਲਿਆ ਲੱਗਦਾ ਹੈ। ਗਲਿਆ ਹੋਇਆ ਤਣਾ ਬਦਬੂ ਮਾਰਦਾ ਹੈ ਤੇ ਮੁੱਢ ਤੋਂ ਦੂਜੀ ਜਾਂ ਤੀਜੀ ਗੰਢ ਦੇ ਵਿਚਕਾਰੋਂ ਟੁੱਟ ਵੀ ਸਕਦਾ ਹੈ। ਹਮਲੇ ਦੀ ਮਾਰ ਹੇਠ ਆਏ ਪੌਦੇ ਮੁਰਝਾਅ ਜਾਂਦੇ ਹਨ। ਇਸ ਬਿਮਾਰੀ ਤੋਂ ਬਚਾਅ ਲਈ ਖੇਤ ਵਿਚ ਪਾਣੀ ਦਾ ਨਿਕਾਸ ਠੀਕ ਰੱਖੋ ਅਤੇ ਸੁਧਰੀਆਂ ਕਿਸਮਾਂ ਬੀਜੋ।



ਘੱਟ ਲਾਗਤ ਤੇ ਵਧੇਰੇ ਮੁਨਾਫੇ ਲਈ ਕਰੋ

# ਬਰਸਾਤ ਰੁੱਤ ਵਿਚ ਭਿੰਡੀ ਦੀ ਕਾਸ਼ਤ

**ਸੰਜੀਵ ਅਹੂਜਾ, ਉਰਵੀ ਸ਼ਰਮਾ ਅਤੇ ਜਗਮਨਜੋਤ ਸਿੰਘ,** ਕ੍ਰਿਸ਼ੀ ਵਿਗਿਆਨ ਕੇਂਦਰ, ਰੋਪੜ (ਮੋ. 94630-25285)

**ਬੀਜਣ ਦਾ ਢੰਗ** : ਪੰਜਾਬ ਲਾਲਿਮਾ, ਪੰਜਾਬ-8, ਪੰਜਾਬ-7 ਅਤੇ ਪੰਜਾਬ ਪਦਮਨੀ ਸਿਫਾਰਸ਼ ਕਿਸਮਾਂ ਦਾ 4-6 ਕਿਲੋ ਬੀਜ 45 ਤੋਂ 15 ਸੈਂਟੀਮੀਟਰ ਦੂਰੀ (ਕਤਾਰ ਤੋਂ ਕਤਾਰ ਅਤੇ ਬੂਟੇ ਤੋਂ ਬੂਟੇ) ਤੇ ਜੂਨ-ਜੁਲਾਈ ਵਿਚ ਬੀਜਣਾ ਚਾਹੀਦਾ ਹੈ। ਬੀਜਾਈ ਤੋਂ ਪਹਿਲਾਂ ਜ਼ਮੀਨ ਦੀ ਵਹਾਈ ਕਰ ਕੇ 15-20 ਟਨ ਗਲੀ-ਸੜੀ ਰੂੜੀ ਨੂੰ ਚੰਗੀ ਤਰ੍ਹਾਂ ਜ਼ਮੀਨ ਵਿਚ ਰਲਾਉਣਾ ਚਾਹੀਦਾ ਹੈ। ਬੀਜਣ ਤੋਂ ਪਹਿਲਾਂ ਬੀਜ ਨੂੰ 24 ਘੰਟੇ ਲਈ ਪਾਣੀ ਵਿਚ ਭਿਉਣ ਨਾਲ ਇਸ ਦੀ ਉਗਣ ਦੀ ਸਮਰੱਥਾ ਵੱਧ ਜਾਂਦੀ ਹੈ।

**ਖਾਦਾਂ ਵੀ ਵਰਤੋਂ** : ਭਰਪੂਰ ਫਸਲ ਲਈ 36 ਕਿਲੋ ਨਾਈਟ੍ਰੋਜਨ (80 ਕਿਲੋ ਯੂਰੀਆ ਦੀ ਅੱਧੀ ਖੁਰਾਕ ਬਿਜਾਈ ਵੇਲੇ ਅਤੇ ਅੱਧੀ ਪਹਿਲੀ ਤੁੜਾਈ ਤੋਂ ਬਾਅਦ ਪ੍ਰਤੀ ਏਕੜ ਦੀ ਵਰਤੋਂ ਕਰਨੀ ਚਾਹੀਦੀ ਹੈ, ਜੈਵਿਕ ਖੇਤੀ ਵਿਚ ਗਲੀ ਸੜੀ ਸੁੱਕੀ ਰੂੜੀ ਦੀ ਖਾਦ (1.0% ਨਾਈਟ੍ਰੋਜਨ) ਬਿਜਾਈ ਵੇਲੇ 3.6 ਟਨ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਓ। ਰੂੜੀ ਖਾਦ ਦੀ ਮਾਤਰਾ ਉਸ ਵਿਚ ਮੌਜੂਦ ਨਾਈਟ੍ਰੋਜਨ ਦੇ ਹਿਸਾਬ ਨਾਲ ਵਧਾਈ ਜਾਂ ਘਟਾਈ ਜਾ ਸਕਦੀ ਹੈ।

**ਨਦੀਨਾਂ ਦੀ ਰੋਕਥਾਮ** : ਲੋੜ ਅਨੁਸਾਰ 3-4 ਗੋਡੀਆਂ ਕਰਨੀਆਂ ਚਾਹੀਦੀਆਂ ਹਨ। ਜੈਵਿਕ ਖੇਤੀ ਵਿਚ ਬਿਜਾਈ ਤੋਂ ਬਾਅਦ 36 ਕੁਇੰਟਲ ਝੋਨੇ ਦੀ ਪਰਾਲੀ ਪ੍ਰਤੀ ਏਕੜ ਵਿਛਾਉਣ ਨਾਲ ਨਦੀਨਾਂ ਦੀ ਸਮੱਸਿਆ ਘੱਟ ਆਉਂਦੀ ਹੈ।

**ਸਿੰਚਾਈ** : ਬਰਸਾਤ ਵਿਚ ਸਿੰਚਾਈ ਲੋੜ ਅਨੁਸਾਰ ਕਰਨੀ ਚਾਹੀਦੀ ਹੈ। ਰੇਤਲੀਆਂ ਜ਼ਮੀਨਾਂ ਵਿਚ ਲੂਣੇ-ਖਾਰੇ ਪਾਣੀ ਨੂੰ ਨਹਿਰੀ ਪਾਣੀ ਨਾਲ ਅਦਲ ਬਦਲ (1 : 1) ਕੇ ਵਰਤੋ।

**ਕੀੜੇ-ਮਕੌੜੇ ਅਤੇ ਰੋਗ ਪ੍ਰਬੰਧਨ** : ਜੈਸਿਡ (ਤੇਲਾ), ਭਿੰਡੀ ਤੇ ਚਿਤਕਬਰੀ ਸੁੰਡੀ, ਮਕੌੜਾ ਜੂੰ, ਚਿੱਟੀ ਮੱਖੀ, ਪੀਲੀਆ ਦਾ ਹਮਲਾ ਭਿੰਡੀ ਨੂੰ ਨੁਕਸਾਨ ਪਹੁੰਚਾਉਂਦਾ ਹੈ।

★ **ਜੈਸਿਡ (ਤੇਲਾ)** : ਜੇਕਰ ਜੈਸਿਡ (ਤੇਲੇ) ਦੀ ਗਿਣਤੀ ਪ੍ਰਤੀ ਪੱਤੇ ਤੇ 4 ਬੱਚੇ ਹੋ ਜਾਵੇ ਤਾਂ 80 ਮਿਲੀਲਿਟਰ ਇਕੋਟਿਨ 5% (ਨਿੰਮ ਅਧਾਰਿਤ ਕੀਟਨਾਸ਼ਕ) ਜਾਂ 2000 ਮਿਲੀਲਿਟਰ ਪੀ ਏ ਯੂ ਘਰ ਦਾ ਬਣਾਇਆ ਨਿੰਮ ਦਾ ਘੋਲ ਪ੍ਰਤੀ ਏਕੜ 100-125 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ।

★ **ਭਿੰਡੀ ਤੇ ਚਿਤਕਬਰੀ ਸੁੰਡੀ** : ਹਮਲੇ ਵਾਲੇ ਫਲ ਲਗਾਤਾਰ ਤੋੜ ਕੇ ਜ਼ਮੀਨ ਵਿਚ ਡੂੰਘੇ ਨੱਪ ਦਿਓ। ਜਦੋਂ 10 ਬੂਟਿਆਂ ਤੋਂ ਕਾਣੇ ਫਲਾਂ ਦੀ ਗਿਣਤੀ 1 ਪ੍ਰਤੀਸ਼ਤ ਤੋਂ ਵੱਧ ਹੋਵੇ ਤਾਂ 50 ਮਿਲੀਲਿਟਰ ਕੋਰਾਜ਼ਨ 18.5 ਐਸ ਸੀ (ਕਲੋਰਐਂਟਰਾਨੀਲੀਪਰੋਲ) ਜਾਂ 200 ਮਿਲੀਲਿਟਰ ਸੁਮੀਪਲੀਓ 10 ਈ ਸੀ (ਪਰਿਡਾਲਾਈਲ) ਜਾਂ 70 ਗ੍ਰਾਮ ਪ੍ਰੋਕਲੇਮ 5 ਐਸ ਜੀ (ਐਮਾਮੈਕਟਿਨ ਬੈਂਜੋਏਟ)

★ **ਮਕੌੜਾ ਜੂੰ** : 150 ਮਿਲੀਲਿਟਰ ਓਬਰੈਨ (ਸਪਾਈਰੋਮੈਸੀਫਿਨ) 22.9 ਐਸ ਸੀ

★ **ਚਿੱਟੀ ਮੱਖੀ** : ਜੈਸਿਡ (ਤੇਲਾ) ਵਾਲੇ ਕੀਟਨਾਸ਼ਕ ਵਰਤੋਂ।

★ **ਪੀਲੀਆ** : ਇਸ ਰੋਗ ਦਾ ਟਾਕਰਾ ਕਰਨ ਵਾਲੀਆਂ ਪੰਜਾਬ ਪਦਮਨੀ ਜਾਂ ਪੰਜਾਬ-8 ਜਾਂ ਪੰਜਾਬ-7 ਕਿਸਮਾਂ ਬੀਜੋ। ਬਿਮਾਰੀ ਨੂੰ ਫੈਲਾਉਣ ਵਾਲੀ ਚਿੱਟੀ ਮੱਖੀ ਦੀ ਰੋਕਥਾਮ ਕਰਨੀ ਚਾਹੀਦੀ ਹੈ।

★ **ਸਾਵਧਾਨੀਆਂ** : ਛਿੜਕਾਅ ਕਰਨ ਤੋਂ ਪਹਿਲਾਂ ਸਾਰੇ ਫਲ ਤੋੜ ਲਉ। ਕੋਨਫੀਡੋਰ ਤੇ ਕੋਰਾਜ਼ਨ ਦੇ ਛਿੜਕਾਅ ਤੋਂ ਇੱਕ ਦਿਨ ਤੱਕ ਫਲ ਨਾ ਤੋੜੋ।

**ਪੀ ਏ ਯੂ ਘਰ ਦਾ ਬਣਾਇਆ ਨਿੰਮ ਦਾ ਘੋਲ ਤਿਆਰ ਕਰਨ ਦੀ ਵਿੱਧੀ** : 4 ਕਿਲੋ ਨਿੰਮ ਦੀਆਂ ਕਰੂੰਬਲਾਂ ਨੂੰ 10 ਲਿਟਰ ਪਾਣੀ ਵਿਚ 30 ਮਿੰਟ ਲਈ ਉਬਾਲੋ। ਇਸ ਘੋਲ ਨੂੰ ਕੱਪੜ ਛਾਣ ਕਰ ਲਓ।

**ਤੁੜਾਈ ਅਤੇ ਸਾਂਭ-ਸੰਭਾਲ** : ਬੀਜਾਈ ਤੋਂ ਲੱਗਭਗ 45-60 ਦਿਨਾਂ ਵਿਚ ਭਿੰਡੀ ਤੁੜਾਈ ਯੋਗ ਹੋ ਜਾਂਦੀ ਹੈ। 10-12 ਤੁੜਾਈਆਂ ਨਾਲ 40-50 ਕੁਇੰਟਲ ਪ੍ਰਤੀ ਏਕੜ ਦਾ ਔਸਤਨ ਝਾੜ ਪ੍ਰਾਪਤ ਹੁੰਦਾ ਹੈ। ਤਾਜ਼ੇ, 10 ਸੈਂਟੀਮੀਟਰ ਲੰਬੇ ਤੇ ਨਰਮ ਫਲਾਂ ਨੂੰ ਤੋੜਨਾ ਚਾਹੀਦਾ ਹੈ। ਤੁੜਾਈ ਕਰਦੇ ਸਮੇਂ ਇਹ ਧਿਆਨ ਦਿਓ ਕਿ ਤਣੇ ਕੋਈ ਨੁਕਸਾਨ ਨਾ ਹੋਵੇ ਇਸ ਲਈ ਤੇਜ਼ ਚਾਕੂ ਨਾਲ ਉਸਦੀ ਤੁੜਾਈ ਕਰੋ। ਹੱਥਾਂ ਵਿਚ ਦਸਤਾਨੇ ਪਾ ਕੇ ਭਿੰਡੀ ਦੀ ਤੁੜਾਈ ਕਰਨ ਨਾਲ ਇਸ ਨੂੰ ਕੁਝ ਲੰਬੇ ਸਮੇਂ ਤੱਕ ਤਾਜ਼ਾ ਰੱਖਿਆ ਜਾ ਸਕਦਾ ਹੈ ਤੇ ਲੋੜ ਅਨੁਸਾਰ ਇਸ ਦਾ ਮੰਡੀਕਰਨ ਕਰ ਕੇ ਵਾਧੂ ਮੁਨਾਫਾ ਕਮਾਇਆ ਜਾ ਸਕਦਾ ਹੈ।

## ਮਿਰਚਾਂ ਨੂੰ ਟਾਹਣੀਆਂ ਦੇ ਸੋਕੇ ਅਤੇ ਫਲਾਂ ਦੇ ਗਾਲ੍ਹੇ ਤੋਂ ਬਚਾਉਣ ਲਈ ਸੁਝਾਅ

ਮਿਰਚਾਂ ਦੀਆਂ ਟਾਹਣੀਆਂ ਦਾ ਸੋਕਾ ਅਤੇ ਫਲਾਂ ਦਾ ਗਾਲ੍ਹਾ ਇਕ ਉੱਲੀ ਦੀ ਬਿਮਾਰੀ ਹੈ ਜਿਸ ਦਾ ਹਮਲਾ ਬਰਸਾਤੀ ਮੌਸਮ ਦੌਰਾਨ ਵੇਖਣ ਨੂੰ ਮਿਲਦਾ ਹੈ। ਮੁੱਖ ਤੌਰ 'ਤੇ ਇਸ ਬਿਮਾਰੀ ਦਾ ਹਮਲਾ ਲਾਲ ਮਿਰਚਾਂ ਤੇ ਪਾਇਆ ਜਾਂਦਾ ਹੈ ਪਰ ਕਈ ਵਾਰ ਇਹ ਬਿਮਾਰੀ ਹਰੀਆਂ ਮਿਰਚਾਂ ਤੇ ਵੀ ਵੇਖਣ ਨੂੰ ਵੀ ਮਿਲਦੀ ਹੈ। ਇਸ



ਬਿਮਾਰੀ ਦੇ ਹਮਲੇ ਨਾਲ ਮਿਰਚਾਂ ਖੇਤਾਂ ਵਿਚ ਅਤੇ ਢੋਆ-ਢੁਆਈ ਗਲ੍ਹ ਜਾਂਦੀਆਂ ਹਨ ਜਿਸ ਕਰਕੇ ਸਾਡੇ ਮਿਰਚ ਉਤਪਾਦਕਾਂ ਦਾ ਕਾਫੀ ਨੁਕਸਾਨ ਹੋ ਜਾਂਦਾ ਹੈ।

**ਨਿਸ਼ਾਨੀਆਂ** : ★ ਇਸ ਦੇ ਹਮਲੇ ਨਾਲ ਮਿਰਚਾਂ ਦੀਆਂ ਫਲਾਂ ਵਾਲੀਆਂ ਟਾਹਣੀਆਂ ਸਿਰੇ ਤੋਂ ਹੇਠਾਂ ਵੱਲ ਨੂੰ ਸੁੱਕਣੀਆਂ ਸ਼ੁਰੂ ਹੋ ਜਾਂਦੀਆਂ ਹਨ ਜਿਨ੍ਹਾਂ ਤੇ ਬਾਅਦ ਵਿਚ ਉੱਲੀ ਦੇ ਕਾਲੇ ਰੰਗ ਤੇ ਟਿਮਕਣੇ ਪੈਦਾ ਹੋ ਜਾਂਦੇ ਹਨ।

★ ਬਿਮਾਰੀ ਦੇ ਹਮਲੇ ਨਾਲ ਮਿਰਚਾਂ ਤੇ ਹੇਠਾਂ ਧੱਸੇ ਹੋਏ ਗੋਲ ਤੋਂ ਲੰਬੂਤਰੇ ਧੱਬੇ ਪੈ ਜਾਂਦੇ ਹਨ ਜਿਸ ਕਰਕੇ ਮਿਰਚਾਂ ਖਸਮੈਲੇ ਰੰਗ ਦੀਆਂ ਹੋ ਜਾਂਦੀਆਂ ਹਨ।

★ ਇਨ੍ਹਾਂ ਘਸਮੈਲੇ ਰੰਗ ਦੇ ਧੱਬਿਆਂ 'ਤੇ ਕਾਫੀ ਸਾਰੇ ਕਾਲੇ ਰੰਗ ਦੇ ਟਿਮਕਣੇ ਪੈਦਾ ਹੋ ਜਾਂਦੇ ਹਨ।

★ ਬਿਮਾਰੀ ਨਾਲ ਪ੍ਰਭਾਵਿਤ ਮਿਰਚਾਂ ਪਹਿਲਾਂ ਹੀ ਡਿੱਗ ਪੈਂਦੀਆਂ ਹਨ।

**ਰੋਕਥਾਮ** :

★ ਜੁਲਾਈ-ਅਗਸਤ ਮਹੀਨੇ ਬਰਸਾਤਾਂ ਦੌਰਾਨ ਗਰਮ ਅਤੇ ਸਿੱਲ੍ਹਾ ਮੌਸਮ ਇਸ ਬਿਮਾਰੀ ਦੇ ਵੱਧਣ-ਫੁੱਲਣ ਲਈ ਬਹੁਤ ਅਨੁਕੂਲ ਹੋ ਜਾਂਦਾ ਹੈ।

★ ਕਿਸਾਨ ਭਰਾਵੋ ! ਮਿਰਚਾਂ ਨੂੰ ਇਸ ਬਿਮਾਰੀ ਤੋਂ ਬਚਾਉਣ ਲਈ ਜੁਲਾਈ ਦੇ ਮਹੀਨੇ ਫਸਲ ਤੇ 250 ਮਿ.ਲਿ. ਫੋਲੀਕਰ ਜਾਂ 750 ਗ੍ਰਾਮ ਇੰਡੋਫਿਲ ਐਮ-45 ਜਾਂ ਬਲਾਈਟੌਕਸ ਨੂੰ 250 ਲਿਟਰ ਨੂੰ ਪਾਣੀ ਵਿਚ ਘੋਲ ਕੇ 10 ਦਿਨਾਂ ਦੇ ਵਕਫੇ ਤੇ ਛਿੜਕਾਅ ਕਰੋ।

★ ਲੋੜ ਪੈਣ ਤੇ ਇਹ ਛਿੜਕਾਅ ਫਿਰ ਦੁਹਰਾਓ।

**ਅਮਰਜੀਤ ਸਿੰਘ ਅਤੇ ਪਰਵਿੰਦਰ ਕੌਰ, ਪੌਦਾ ਰੋਗ ਵਿਭਾਗ, ਪੀ. ਏ. ਯੂ., ਲੁਧਿਆਣਾ** (ਮੋ. 94637-47280)



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 42 ਅੰਕ 32
ਮਿਤੀ 10-08-2024

ਐਡੀਟਰ

ਜਗਪ੍ਰੀਤ ਸਿੰਘ

ਮਾਰਕੀਟਿੰਗ ਦਫਤਰ

ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



ਸੰਪਾਦਕੀ ਬੋਰਡ

ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਛੱਤਰਾ
ਡਾ. ਵਰਿੰਦਰ ਲਾਠਰ

ਕੰਪੋਜ਼ਿੰਗ

ਏਕਤਾ ਕੰਪਿਊਟਰਜ਼, ਪਟਿਆਲਾ

ਨੋਟ

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।


★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।

★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor, Printer & Publisher JAGPREET SINGH
Printed at Vargenia Printers, Sher-e-Punjab Market, Gaushala Road, PATIALA &
Published at Patiala for Prop. JAGPREET SINGH


# ਕਿਸਾਨਾਂ ਦੀ ਆਮਦਨ ਅਤੇ ਖੇਤੀ ਸੰਕਟ




ਦਵਿੰਦਰ ਸ਼ਰਮਾ
ਖੁਰਾਕ ਅਤੇ ਖੇਤੀਬਾੜੀ ਮਾਹਿਰ


ਪਿਛਲੇ ਕਰੀਬ 25 ਸਾਲਾਂ ਜਾਂ ਇਸ ਤੋਂ ਵੀ ਵੱਧ ਸਮੇਂ ਤੋਂ ਲਗਭੱਗ ਹਰ ਵਿੱਤ ਮੰਤਰੀ ਨੇ ਆਪਣਾ ਬਜਟ ਭਾਸ਼ਣ ਇਸ ਗੱਲ 'ਤੇ ਜ਼ੋਰ ਦਿੰਦਿਆਂ ਸ਼ੁਰੂ ਕੀਤਾ ਕਿ ਖੇਤੀਬਾੜੀ ਦੀ ਭਾਰਤੀ ਅਰਥਵਿਵਸਥਾ 'ਚ ਮਹੱਤਵਪੂਰਨ ਭੂਮਿਕਾ ਹੈ। 'ਕਿਸਾਨ ਦੀ ਆਜ਼ਾਦੀ' ਤੋਂ ਲੈ ਕੇ 'ਦੇਸ਼ ਦੇ ਅਰਥਚਾਰੇ ਦੀ ਜੀਵਨ ਰੇਖਾ' ਤੱਕ ਕਈ ਵਿਸ਼ੇਸ਼ਣ ਬਜਟ ਦੀਆਂ ਤਜਵੀਜ਼ਾਂ 'ਤੇ ਧਿਆਨ ਕੇਂਦਰਿਤ ਕਰਾਉਣ ਲਈ ਵਰਤੇ ਗਏ ਹਨ। ਅਰੁਣ ਜੇਤਲੀ ਨੇ ਖੇਤੀ ਆਮਦਨ ਵਧਾਉਣ ਦੀ ਗੱਲ ਕੀਤੀ ਸੀ ਤੇ ਇਸ ਨੂੰ ਸਰਕਾਰ ਦੀਆਂ ਪੰਜ ਸਿਖਰਲੀਆਂ ਤਰਜੀਹ 'ਚ ਰੱਖਿਆ ਸੀ। ਨਿਰਮਲਾ ਸੀਤਾਰਮਨ ਨੇ ਵੀ ਆਪਣੀਆਂ ਨੌਂ ਤਰਜੀਹਾਂ 'ਚ ਖੇਤੀਬਾੜੀ ਨੂੰ ਉੱਤੇ ਰੱਖ ਕੇ ਇਸ ਨੂੰ ਬਣਦੀ ਮਾਨਤਾ ਦਿੱਤੀ ਹੈ।



ਲਗਭਗ ਹਰ ਬਜਟ 'ਚ ਖੇਤੀਬਾੜੀ ਨੂੰ ਦਿੱਤੇ ਹੁਲਾਰੇ ਮੁਤਾਬਿਕ ਤਾਂ ਹੁਣ ਤੱਕ ਦਿਹਾਤੀ ਅਰਥਵਿਵਸਥਾ ਦੀ ਕਾਇਆ ਕਲਪ ਹੋ ਜਾਣੀ ਚਾਹੀਦੀ ਸੀ ਪਰ ਇੰਨਾ ਧਿਆਨ ਦੇਣ ਦੇ ਬਾਵਜੂਦ ਇਕ ਵਾਰ ਵੀ ਅਜਿਹਾ ਨਹੀਂ ਲੱਗਾ ਕਿ ਖੇਤੀਬਾੜੀ ਮੁੜ ਉਭਾਰ ਦੇ ਰਾਹ 'ਤੇ ਹੈ। ਇਸ ਦਾ ਕਾਰਨ ਹੈ ਕਿ ਭਾਵੇਂ ਬੁਨਿਆਦੀ ਤੌਰ 'ਤੇ ਜ਼ੋਰ ਹਮੇਸ਼ਾ ਫਸਲ ਦੀ ਉਤਪਾਦਕਤਾ ਵਧਾਉਣ 'ਤੇ ਰਿਹਾ ਹੈ-ਇਸ ਆਸ 'ਚ ਕਿ ਇਸ ਨਾਲ ਕਿਸਾਨਾਂ ਨੂੰ ਵਧੀਆ ਭਾਅ ਤੇ ਚੰਗੀ ਆਮਦਨੀ ਮਿਲੇਗੀ ਪਰ ਖੇਤੀ ਸੰਕਟ ਵਧਿਆ ਹੀ ਹੈ। ਜੇਕਰ ਸਫਲ ਹਰੀ ਕ੍ਰਾਂਤੀ ਤੋਂ ਬਾਅਦ ਅਤੇ ਹਰ ਤਰ੍ਹਾਂ ਦੀ ਮਾਲੀ ਇਮਦਾਦ ਦੇ ਬਾਵਜੂਦ ਖੇਤੀ ਨਾਲ ਜੁੜੇ ਪਰਿਵਾਰ ਦੀ ਪ੍ਰਤੀ ਮਹੀਨਾ ਔਸਤ ਆਮਦਨੀ ਕਰੀਬ 10218 ਰੁਪਏ ਤੱਕ ਹੀ ਪਹੁੰਚੀ ਹੈ ਤਾਂ ਇਸ ਗਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਖੇਤੀ 'ਤੇ ਗੰਭੀਰ ਸੰਕਟ ਦਾ ਸਾਇਆ ਹੈ।

ਜ਼ਮੀਨੀ ਹਕੀਕਤ 'ਤੇ ਨਿਗ੍ਹਾ ਮਾਰਦੇ ਹਾਂ : ਅਧਿਕਾਰਤ ਅਨੁਮਾਨਾਂ ਮੁਤਾਬਿਕ ਕਰਨਾਟਕ ਵਿਚ ਪਿਛਲੇ 15 ਮਹੀਨਿਆਂ ਦੌਰਾਨ ਕਰੀਬ 1182 ਕਿਸਾਨ ਖੁਦਕੁਸ਼ੀ ਕਰ ਕੇ ਮਰੇ ਹਨ। ਮਹਾਂਰਾਸ਼ਟਰ ਵਿਚ ਇਸ ਸਾਲ ਜਨਵਰੀ ਤੋਂ ਜੂਨ ਤੱਕ 1267 ਕਿਸਾਨਾਂ ਨੇ ਆਪਣੀ ਜਾਨ ਲਈ ਹੈ ਜਿੱਥੇ ਅਮਰਾਵਤੀ ਡਿਵੀਜ਼ਨ ਦੇ ਇਕੱਲੇ ਵਿਦਰਭ ਇਲਾਕੇ 'ਚ ਹੀ ਅਜਿਹੇ 557 ਕੇਸ ਸਾਹਮਣੇ ਆਏ ਹਨ।

ਕਿਸਾਨ ਖੁਦਕੁਸ਼ੀਆਂ ਕੋਈ ਨਵਾਂ ਵਰਤਾਰਾ ਨਹੀਂ। ਕੌਮੀ ਅਪਰਾਧ ਰਿਕਾਰਡ ਬਿਊਰੋ ਦੀ ਇਕੱਠੀ ਕੀਤੀ ਜਾਣਕਾਰੀ ਪਿਛਲੇ 27 ਸਾਲਾਂ 'ਚ ਕਿਸਾਨ ਖੁਦਕੁਸ਼ੀਆਂ ਦਾ ਵੱਡਾ ਅੰਕੜਾ ਪੇਸ਼ ਕਰਦੀ ਹੈ। ਪਿਛਲੇ 25 ਸਾਲਾਂ 'ਚ ਖੇਤੀਬਾੜੀ ਲਈ ਬਜਟ ਵਿਚ ਗੁੰਜਾਇਸ਼ ਵਧੀ ਹੈ। 1995 ਤੋਂ 2014 ਦਰਮਿਆਨ 2,96,438 ਕਾਸ਼ਤਕਾਰਾਂ ਨੇ ਖੁਦਕੁਸ਼ੀ ਵਰਗਾ ਗੰਭੀਰ ਕਦਮ ਚੁੱਕਿਆ। 2014 ਤੋਂ 2022 ਤੱਕ 1,00,474 ਕਿਸਾਨਾਂ ਨੇ ਆਤਮ ਹੱਤਿਆ ਕੀਤੀ ਹੈ। ਸਧਾਰਨ ਸ਼ਬਦਾਂ 'ਚ ਕਿਹਾ ਜਾਵੇ ਤਾਂ 1995 ਤੋਂ 2022 ਤੱਕ ਕਰੀਬ ਚਾਰ ਲੱਖ ਕਿਸਾਨਾਂ ਨੇ ਆਪਣੀ ਜੀਵਨ ਲੀਲਾ ਸਮਾਪਤ ਕੀਤੀ ਹੈ ਤੇ ਉਹ ਵੀ ਅਜਿਹੇ ਸਮਿਆਂ 'ਚ ਜਦੋਂ ਹਰ ਸਾਲ ਬਜਟ 'ਚ ਖੇਤੀਬਾੜੀ ਦੀ ਦਸ਼ਾ ਬਦਲਣ ਦਾ ਵਾਅਦਾ ਕੀਤਾ ਗਿਆ। ਬਜਟ 'ਚ ਰੱਖੀ ਰਾਸ਼ੀ 'ਤੇ ਲਗਾਤਾਰ ਜਾਰੀ ਖੇਤੀ ਸੰਕਟ ਵਿਚਲਾ ਫਰਕ ਪ੍ਰਤੱਖ ਨਜ਼ਰ ਆਉਂਦਾ ਹੈ।

ਤਿਲੰਗਾਨਾ ਹੁਣ ਖੇਤੀ ਕਰਜ਼ੇ ਮੁਆਫ ਕਰਨ ਦੇ ਦੂਜੇ ਗੇੜ ਵਿਚ ਹੈ। ਇਹ 6.4 ਲੱਖ ਕਿਸਾਨਾਂ ਵੱਲ ਬਕਾਇਆ 6198 ਕਰੋੜ ਰੁਪਏ ਦੇ ਕਰਜ਼ੇ 'ਤੇ ਲੀਕ ਮਾਰੇਗਾ ਤੇ ਹਰ ਕਰਜ਼ਦਾਰ ਕਾਸ਼ਤਕਾਰਾਂ ਨੂੰ 1.5 ਲੱਖ ਰੁਪਏ ਦੀ ਕਰਜ਼ਾ ਮੁਆਫੀ ਮਿਲੇਗੀ। ਪਹਿਲੇ ਗੇੜ 'ਚ 11.34 ਲੱਖ ਕਿਸਾਨਾਂ ਨੂੰ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ 6190 ਕਰੋੜ ਰੁਪਏ ਮਿਲੇ ਸਨ। ਤੀਜਾ ਗੇੜ ਜੋ ਇਸੇ ਮਹੀਨੇ ਸ਼ੁਰੂ ਹੋ ਰਿਹਾ ਹੈ, ਤਹਿਤ 17.75 ਲੱਖ ਕਿਸਾਨਾਂ ਨੂੰ 12224 ਕਰੋੜ ਰੁਪਏ ਦੀ ਕਰਜ਼ਾ ਮੁਆਫੀ ਮਿਲੇਗੀ। ਕੁੱਲ ਮਿਲਾ ਕੇ ਰਾਜ ਵਿਚ 35.5 ਲੱਖ ਕਿਸਾਨਾਂ ਨੂੰ ਕਰਜ਼ਾ ਮੁਕਤੀ ਦਿੱਤੀ ਜਾ ਰਹੀ ਹੈ।

ਆਰਥਿਕ ਸਹਿਯੋਗ ਤੇ ਵਿਕਾਸ ਸੰਗਠਨ (ਓਈਸੀਡੀ) ਦੇ ਹਾਲੀਆ ਆਲਮੀ ਮੁਲਾਂਕਣ ਮੁਤਾਬਿਕ 54 ਵੱਡੇ ਅਰਥਚਾਰਿਆਂ 'ਚ ਉਤਪਾਦਕ ਸਬਸਿਡੀ ਸਹਾਇਤਾ ਕੰਮ ਆਈ ਹੈ, ਸਿਰਫ ਭਾਰਤ ਦੇ ਮਾਮਲੇ 'ਚ ਕਿਸਾਨ ਆਪਣੇ ਨੁਕਸਾਨ ਦੀ ਪੂਰਤੀ ਕਰਨ ਲਈ ਢੁੱਕਵੀਂ ਮਾਇਕ ਸਹਾਇਤਾ ਤੋਂ ਵਾਂਝੇ ਰਹਿ ਗਏ ਹਨ। ਰਿਪੋਰਟ ਦੱਸਦੀ ਹੈ ਕਿ ਭਾਰਤੀ ਕਿਸਾਨ ਸੰਨ 2000 ਤੋਂ ਬਾਅਦ ਸਾਲ-ਦਰ-ਸਾਲ ਘਾਟਾ ਸਹਿ ਰਹੇ ਹਨ। ਕੀ ਅਰਥਚਾਰੇ ਦਾ ਕੋਈ ਹੋਰ ਸੈਕਟਰ ਇਸ ਤਰ੍ਹਾਂ ਲਗਾਤਾਰ ਨੁਕਸਾਨ ਸਹਿ ਕੇ ਆਪਣੀ ਹੋਂਦ ਬਚਾ ਸਕਿਆ ਹੈ?

ਅਸੀਂ ਕਾਰਜ ਵਿਧੀ 'ਚ ਭਾਵੇਂ ਕੋਈ ਖਾਮੀ ਲੱਭ ਸਕਦੇ ਹਾਂ ਪਰ ਤੱਥ ਇਹੀ ਹੈ ਕਿ ਉਤਪਾਦਕਤਾ ਤੇ ਪੈਦਾਵਾਰ ਵਧਾਉਣ ਲਈ ਤਕਨੀਕ ਜਾਂ ਹੋਰਨਾਂ ਸਕੀਮਾਂ 'ਚ ਕਿਸੇ ਵੀ ਪੱਧਰ ਤੱਕ ਦੇ ਪੂੰਜੀ ਨਿਵੇਸ਼ ਦੇ ਬਾਵਜੂਦ ਕਿਸਾਨਾਂ ਦੀ ਆਮਦਨ ਨਹੀਂ ਵਧ ਸਕੀ ਹੈ। ਇਹ ਕਿਤੇ ਵੀ ਨਹੀਂ ਵਾਪਰਿਆ। ਓਈਸੀਡੀ ਦਾ ਅਧਿਐਨ ਇਸ ਦੀ ਗਵਾਹੀ ਭਰਦਾ ਹੈ।

ਇਸੇ ਨੂੰ ਮੈਂ 'ਵਾਇਆ ਬਠਿੰਡਾ' ਪਹੁੰਚ ਕਹਿੰਦਾ ਹਾਂ। ਖੇਤੀ ਆਮਦਨੀਆਂ ਵਧਾਉਣ ਲਈ ਸਿੱਧਾ ਯਤਨ ਕਿਉਂ ਨਹੀਂ ਕੀਤਾ ਜਾ ਸਕਦਾ, ਬਜਾਇ ਕਿ ਇਸ ਨੂੰ 'ਇਨਪੁਟ ਸਪਲਾਇਰ' ਜਾਂ ਤਕਨੀਕੀ ਮਾਧਿਅਮਾਂ ਰਾਹੀਂ ਕੀਤਾ ਜਾਵੇ। ਇਹ ਪਹੁੰਚ ਨਾ ਤਾਂ ਅਤੀਤ 'ਚ ਕੰਮ ਆਈ ਹੈ ਤੇ ਨਾ ਹੀ ਭਵਿੱਖ 'ਚ ਆਵੇਗੀ। ਅਧਿਐਨ ਦੱਸਦੇ ਹਨ ਕਿ 'ਇਨਪੁਟ ਸਪਲਾਇਰ' (ਬੀਜ, ਖਾਦਾਂ ਤੇ ਉਪਕਰਨ ਉਪਲਬਧ ਕਰਾਉਣ ਵਾਲੇ) ਮੁਨਾਫਾ ਕਮਾਉਂਦੇ ਹਨ; ਕਿਸਾਨ ਇੱਥੇ ਵੀ ਹੇਠਲੇ ਪੱਧਰ 'ਤੇ ਹੀ ਰਹਿ ਜਾਂਦੇ ਹਨ। ਸਪਲਾਈ ਲੜੀਆਂ ਦੇ ਪੱਖ ਤੋਂ ਵੀ ਆਖਿਰੀ ਮੁਨਾਫਿਆਂ 'ਚ ਕਾਸ਼ਤਕਾਰਾਂ ਦਾ ਹਿੱਸਾ ਮਹਿਜ਼ 5-10 ਪ੍ਰਤੀਸ਼ਤ ਜਾਂ ਇਸ ਤੋਂ ਵੀ ਘੱਟ ਹੁੰਦਾ ਹੈ। ਯੂਕੇ ਦੀ ਹਾਲੀਆ ਰਿਪੋਰਟ ਮੁਤਾਬਿਕ, ਭਾਵੇਂ 2021 ਵਿਚ ਸਟਰਾਅਬੈਰੀ ਤੇ ਰੈਸਪਬੈਰੀਆਂ ਦੇ ਮੰਡੀਕਰਨ ਤੋਂ ਹੋਣ ਵਾਲਾ ਪ੍ਰਚੂਨ ਮੁਨਾਫਾ 27 ਪੈਂਸ ਵਧਿਆ ਪਰ ਕਿਸਾਨ ਦਾ ਹਿੱਸਾ ਇਸ 'ਚ ਸਿਰਫ 3.5 ਪੈਂਸ ਹੀ ਸੀ। ਇਸ ਤੋਂ ਪਹਿਲਾਂ ਹੀ ਕੁਝ ਅਧਿਐਨਾਂ ਵਿਚ ਸਾਹਮਣੇ ਆਇਆ ਸੀ ਕਿ ਖਪਤਕਾਰ ਰੋਜ਼ਾਨਾ ਵਰਤੋਂ 'ਚ ਆਉਣ ਵਾਲੀਆਂ ਜਿਹੜੀਆਂ ਛੇ ਜ਼ਰੂਰੀ ਵਸਤਾਂ 'ਤੇ ਨਿਰਭਰ ਕਰਦੇ ਹਨ, ਉਨ੍ਹਾਂ 'ਚੋਂ ਕਿਸਾਨਾਂ ਨੂੰ ਸਿਰਫ ਇਕ ਪ੍ਰਤੀਸ਼ਤ ਪ੍ਰਚੂਨ ਲਾਭ ਹੁੰਦਾ ਹੈ। ਇਸ ਲਈ ਹਾਲੀਆ ਬਜਟ 'ਚ ਸਪਲਾਈ ਲੜੀਆਂ ਮਜ਼ਬੂਤ ਕਰਨ 'ਤੇ ਦਿੱਤਾ ਗਿਆ ਜ਼ੋਰ ਤਾਂ ਹੀ ਲਾਭਦਾਇਕ ਹੋਵੇਗਾ ਜੇਕਰ ਮੂਲ ਉਤਪਾਦਕ ਨੂੰ ਉਸ ਦੇ ਹਿੱਸੇ ਦੀ ਗਰੰਟੀ ਮਿਲੇਗੀ।

ਬਜਟ 'ਚ ਖੇਤੀ ਖੇਤਰ ਲਈ ਕੁੱਲ ਬਜਟ ਦਾ ਮਹਿਜ਼ 3.15 ਪ੍ਰਤੀਸ਼ਤ ਪੈਸਾ ਰੱਖਣਾ, ਉਹ ਵੀ ਉਦੋਂ ਜਦ ਦੇਸ਼ ਦੀ ਲਗਭਗ ਅੱਧੀ ਆਬਾਦੀ ਦਾ ਰੁਜ਼ਗਾਰ ਖੇਤੀ ਹੋਵੇ, ਇਸ ਤੋਂ ਕੋਈ ਜ਼ਿਆਦਾ ਪ੍ਰਾਪਤੀ ਦੀ ਉਮੀਦ ਨਹੀਂ ਰੱਖੀ ਜਾ ਸਕਦੀ। ਇਸ ਸਾਲ ਖੇਤੀ ਖੇਤਰ ਲਈ 1.52 ਲੱਖ ਕਰੋੜ ਰੁਪਏ ਰੱਖੇ ਹਨ। ਪਿਛਲੇ ਸਾਲ ਦੇ ਮੁਕਾਬਲੇ ਇਜ਼ਾਫਾ ਭਾਵੇਂ 26000 ਕਰੋੜ ਰੁਪਏ ਜ਼ਿਆਦਾ ਹੈ ਪਰ ਲਾਜ਼ਮੀ ਤੌਰ 'ਤੇ ਇਹ ਗੈਰ-ਯੋਜਨਾਬੱਧ ਖਰਚਿਆਂ ਲਈ ਹਨ। ਇਹ ਦੇਖਦਿਆਂ ਕਿ ਖੇਤੀ ਬਜਟ ਵਿਚ 60000 ਕਰੋੜ ਰੁਪਏ ਦੀ ਉਹ ਮੱਦ ਵੀ ਸ਼ਾਮਿਲ ਹੈ ਜੋ ਪ੍ਰਧਾਨ ਮੰਤਰੀ ਕਿਸਾਨ ਸਕੀਮ ਲਈ ਹੈ ਅਤੇ ਜਿਸ ਤਹਿਤ ਲਾਭਪਾਤਰੀ ਕਿਸਾਨ ਦੇ ਬੈਂਕ ਖਾਤੇ ਵਿਚ ਪ੍ਰਤੀ ਮਾਹ 500 ਰੁਪਏ ਦਿੱਤੇ ਜਾਂਦੇ ਹਨ, ਫਿਰ ਤਾਂ ਖੇਤੀ ਬਜਟ ਲਈ ਕੇਵਲ 92000 ਕਰੋੜ ਰੁਪਏ ਹੀ ਬਚਦੇ ਹਨ। ਕੋਈ ਹੈਰਾਨੀ ਨਹੀਂ ਕਿ ਪਰਿਵਾਰਕ ਖਪਤ ਸੂਚਕ ਅੰਕ 2022-23 ਸਾਨੂੰ ਦੱਸਦਾ ਹੈ ਕਿ ਦਿਹਾਤੀ ਖੇਤਰ ਵਿਚ ਇਕ ਪਰਿਵਾਰ ਦਾ ਮਾਸਿਕ ਔਸਤਨ ਖਰਚ ਮਹਿਜ਼ 3268 ਰੁਪਏ ਹੈ। ਜੇਕਰ ਖੇਤੀ ਤੋਂ ਆਮਦਨੀ ਕਾਰਗਰ ਨਹੀਂ ਹੋਵੇਗੀ ਤਾਂ ਜ਼ਾਹਿਰ ਹੈ ਕਿ ਪੇਂਡੂ ਇਲਾਕਿਆਂ ਵਿੱਚ ਲੋਕ ਖਰੀਦ ਕਰਨ 'ਤੇ ਘੱਟ ਪੈਸੇ ਖਰਚਣਗੇ।

ਇਸ ਲਈ ਖੇਤੀ ਖੇਤਰ ਬਾਰੇ ਗੰਭੀਰ ਹੋ ਕੇ ਨਵੇਂ ਸਿਰਿਓਂ ਵਿਚਾਰ ਕਰਨ ਦੀ ਲੋੜ ਹੈ। ਸਭ ਤੋਂ ਪਹਿਲਾਂ ਰੋਜ਼ੀ-ਰੋਟੀ ਜਿਹੇ ਮੁੱਦੇ ਦੇ ਹੱਲ ਦੀ ਬੇਹੱਦ ਲੋੜ ਹੈ ਤਾਂ ਕਿ ਖੇਤੀ ਆਮਦਨੀ ਸਮਾਜ ਦੇ ਹੋਰਨਾਂ ਵਰਗਾਂ ਦੇ ਪੱਧਰ ਤੱਕ ਪਹੁੰਚ ਸਕੇ। ਮੇਰਾ ਸੁਝਾਅ ਦੇ ਹੋਰਨਾਂ ਵਰਗਾਂ ਦੇ ਪੱਧਰ ਤੱਕ ਪਹੁੰਚ ਸਕੇ। ਮੇਰਾ ਸੁਝਾਅ ਹੈ ਕਿ ਕਿਸਾਨਾਂ ਦੀ ਆਮਦਨੀ ਅਤੇ ਭਲਾਈ ਲਈ ਕੌਮੀ ਕਮਿਸ਼ਨ ਕਾਇਮ ਕੀਤਾ ਜਾਵੇ ਜੋ ਤੈਅ ਸਮਾਂ ਸੀਮਾ 'ਚ ਖੇਤੀ ਤੋਂ ਆਮਦਨੀ ਵਧਾਉਣ ਦੇ ਵਿਸ਼ੇਸ਼ ਢੰਗ-ਤਰੀਕੇ ਦੱਸੇ। ਇਸ ਦੀ ਸ਼ੁਰੂਆਤ ਘੱਟੋ-ਘੱਟ ਸਮਰਥਨ ਮੁੱਲ (ਐੱਮ ਐੱਸ ਪੀ) ਲਈ ਕਾਨੂੰਨੀ ਢਾਂਚਾ ਯਕੀਨੀ ਬਣਾਉਣ ਤੋਂ ਕੀਤੀ ਜਾ ਸਕਦੀ ਹੈ।

# ਕਿਸਾਨ ਵੀਰਾਂ ਲਈ ਇਸ ਹਫਤੇ ਦੇ ਖੇਤੀ ਰੁਝੇਵੇਂ

**ਝੋਨਾ** : ਖੇਤ ਵਿਚ ਲਗਾਤਾਰ ਪਾਣੀ ਖੜ੍ਹਾ ਨਾ ਰੱਖੋ। ਝੋਨੇ ਦੀ ਫਸਲ ਨੂੰ ਪਾਣੀ ਜੀਰਨ ਤੋਂ ਦੋ ਦਿਨ ਬਾਅਦ ਪਾਣੀ ਦੇਣਾ ਚਾਹੀਦਾ ਹੈ ਪਰ ਖੇਤ ਵਿਚ ਤਰੇੜਾਂ ਨਾ ਪੈਣ ਦਿਉ। ਜੇਕਰ ਨਾਈਟ੍ਰੋਜਨ ਦੀ ਅਖੀਰਲੀ ਕਿਸ਼ਤ ਨਹੀਂ ਪਾਈ ਤਾਂ 30 ਕਿਲੋ ਯੂਰੀਆ ਪਾ ਦਿਓ। ਘਟ ਸਮਾਂ ਲੈਣ ਵਾਲੀ ਕਿਸਮਾਂ ਪੀ. ਆਰ. 126 ਨੂੰ ਯੂਰੀਆ ਖਾਦ ਦੀ ਤੀਜੀ ਕਿਸ਼ਤ ਪਨੀਰੀ ਲਾਉਣ ਤੋਂ 5 ਹਫਤੇ ਬਾਅਦ ਪਾਉ। ਜਿੰਨ੍ਹਾਂ ਖੇਤਾਂ ਵਿਚ ਤਣੇ ਗੜੂੰਇਆਂ ਕਰਕੇ 5 ਪ੍ਰਤੀਸ਼ਤ ਤੋਂ ਵਧੇਰੇ ਸੁੱਕੀਆਂ ਗੋਭਾਂ ਹੋਣ ਉੱਥੇ 60 ਮਿਲੀਲਿਟਰ ਕੋਰਾਜ਼ਨ 18.5 ਐਸ ਸੀ 20 ਮਿਲੀਲਿਟਰ ਨਿੰਮ ਅਧਾਰਿਤ ਇਕੋਟਿਨ ਜਾਂ 1.0 ਲਿਟਰ, ਕਲੋਰਪਾਈਰੀਫਾਸ ਪ੍ਰਤੀ ਏਕੜ ਦਾ ਛਿੜਕਾਅ 100 ਲਿਟਰ ਪਾਣੀ ਵਿਚ ਘੋਲ ਕੇ ਕਰੋ। ਬੂਟਿਆਂ ਦੇ ਟਿੱਡਿਆਂ ਦੇ ਸਰਵੇਖਣ ਲਈ, ਕੁਝ ਬੂਟੇ ਟੇਢੇ ਕਰਕੇ ਹੇਠਾਂ ਤੋਂ 2-3 ਵਾਰੀ ਝਾੜੋ। ਜੇਕਰ ਪ੍ਰਤੀ ਬੂਟਾ 5 ਜਾਂ ਵੱਧ ਟਿੱਡੇ ਪਾਣੀ ਉੱਤੇ ਤਰਦੇ ਨਜ਼ਰ ਆਉਣ ਤਾਂ 94 ਮਿਲੀਲਿਟਰ ਪੈਕਸਾਲੋਨ 10 ਐਸ ਸੀ ਜਾਂ 80 ਗ੍ਰਾਮ ਓਸ਼ੀਨ/ਟੋਕਨ 20 ਐਸ ਸੀ ਨੂੰ ਪ੍ਰਤੀ ਏਕੜ ਦੇ ਹਿਸਾਬ ਨਾਲ 100 ਲਿਟਰ ਪਾਣੀ ਵਿਚ ਘੋਲ ਕੇ ਛਿੜਕੋ।

**ਬਾਸਮਤੀ** : ਬਾਸਮਤੀ ਦੀ ਕਿਸਮ ਸੀ ਐਸ ਆਰ 30 ਨੂੰ 18 ਕਿਲੋ ਯੂਰੀਆ ਪ੍ਰਤੀ ਏਕੜ ਪਾਓ ਅਤੇ ਪੰਜਾਬ ਬਾਸਮਤੀ 7 ਤੇ 5, ਪੂਸਾ ਬਾਸਮਤੀ 1121, 1718 ਨੂੰ 36 ਕਿਲੋ ਯੂਰੀਆ ਪ੍ਰਤੀ ਏਕੜ ਪਾਓ। ਪੂਸਾ ਬਾਸਮਤੀ 1847 ਤੇ 1509 ਨੂੰ 54 ਕਿਲੋ ਯੂਰੀਆ ਪਾਉਣੀ ਚਾਹੀਦੀ ਹੈ। ਯੂਰੀਆ ਖਾਦ ਨੂੰ 2 ਬਰਾਬਰ ਕਿਸ਼ਤਾਂ ਵਿਚ ਪਨੀਰੀ ਲਾਉਣੀ ਤੋਂ 3 ਹਫਤੇ ਅਤੇ 6 ਹਫਤੇ ਪਿਛੋਂ ਪਾਉ।

**ਨਰਮਾ** : ਆਉਣ ਵਾਲੇ ਦਿਨਾਂ ਵਿਚ ਬਾਰਿਸ਼ ਦੀ ਸੰਭਾਵਨਾ ਹੈ ਅਤੇ ਨਰਮੇ-ਕਪਾਹ ਦੀ ਫਸਲ ਖੜ੍ਹੇ ਪਾਣੀ ਨੂੰ ਨਹੀਂ ਝੱਲਦੀ। ਇਸ ਲਈ ਬਰਸਾਤ ਦੇ ਮੌਸਮ ਵਿਚ ਨਰਮੇ/ਕਪਾਹ ਦੇ ਖੇਤਾਂ 'ਚੋਂ ਫਾਲਤੂ ਪਾਣੀ ਬਾਹਰ ਕੱਢ ਦਿਓ। ਕਪਾਹ ਵਿਰਲੀ ਕਰਨ ਵੇਲੇ ਨਾਈਟ੍ਰੋਜਨ ਦੀ ਅੱਧੀ ਖੁਰਾਕ ਪਾਉ ਅਤੇ ਬਾਕੀ ਅੱਧੀ ਨਾਈਟ੍ਰੋਜਨ ਫੁੱਲ ਨਿਕਲਣ ਸਮੇਂ ਪਾਓ। ਨਰਮੇ ਦੀ ਫਸਲ ਵਿਚ ਨਦੀਨਾਂ ਦੀ ਰੋਕਥਾਮ ਲਈ 2-3 ਗੋਡੀਆਂ ਕਰੋ, ਪਹਿਲੀ ਗੋਡੀ ਪਹਿਲੇ ਪਾਣੀ ਵਾਲੀ ਤ੍ਰਿਫਾਲੀ ਟਰੈਕਟਰ ਨਾਲ



ਚੱਲਣ ਵਾਲੇ ਟਿੱਲਰ/ਰੋਟਰੀ ਵੀਡਰ ਨਾਲ ਕਰੋ। ਫਸਲ ਨੂੰ ਫੁੱਲ ਜਾਂ ਟੀਂਡੇ ਪੈਣ ਤੋਂ ਬਾਅਦ ਇਹਨਾਂ ਦੀ ਵਰਤੋਂ ਨਾ ਕਰੋ। ਫਸਲ ਦੇ ਵਿਚਕਾਰ ਪਈ ਥਾਂ ਤੋਂ ਨਦੀਨ ਮਾਰਨ ਲਈ ਗਰਾਮੋਕਸੋਨ 14 ਐੱਸ. ਐੱਲ (ਪੈਰਾਕੁਏਟ) ਦਾ 500 ਮਿਲੀਲਿਟਰ ਜਾਂ 900 ਮਿਲੀਲਿਟਰ ਸਵੀਪਪਾਵਰ 13.5 ਐਸ ਐਲ (ਗਲੂਫੋਸੀਨੇਟ ਅਮੋਨੀਅਮ) ਨੂੰ ਪ੍ਰਤੀ ਏਕੜ ਦੇ ਹਿਸਾਬ ਨਾਲ 100 ਲਿਟਰ ਪਾਣੀ ਵਿਚ ਘੋਲ ਕੇ ਛਿੜਕੋ। ਜਦੋਂ ਫਸਲ 6-8 ਹਫਤਿਆਂ ਦੀ ਹੋ ਜਾਵੇ ਅਤੇ 40-45 ਸੈਂਟੀਮੀਟਰ ਉੱਚੀ ਹੋ ਜਾਵੇ। ਨਦੀਨ ਨਾਸ਼ਕ ਜ਼ਹਿਰਾਂ ਉਦੋਂ ਵਰਤੋਂ ਜਦੋਂ ਹਵਾ ਨਾ ਵਗਦੀ ਹੋਵੇ। ਇਹ ਵੀ ਖਿਆਲ ਰੱਖੋ ਕਿ ਨਦੀਨ ਨਾਸ਼ਕ ਫਸਲ ਦੇ ਪੱਤਿਆਂ ਤੇ ਨਾ ਪਵੇ। ਨਰਮੇ



ਨੂੰ ਫੁੱਲ ਆਉਣ ਸਮੇਂ 2 ਪ੍ਰਤੀਸ਼ਤ ਪੋਟਾਸ਼ੀਅਮ ਨਾਈਟ੍ਰੇਟ (13 : 0 : 45) ਘੋਲ ਦੇ 4 ਛਿੜਕਾਅ ਹਫਤੇ-ਹਫਤੇ ਦੇ ਵਕਫੇ ਨਾਲ ਕਰੋ। ਚਿੱਟੀ ਮੱਖੀ ਦੇ ਬੱਚਿਆਂ ਦੀ ਰੋਕਥਾਮ ਲਈ 500 ਮਿਲੀਲਿਟਰ ਲੈਨੋ 10 ਈ ਸੀ (ਪਾਈਰੀਪਰੋਕਸੀਫਿਨ) ਜਾਂ 200 ਮਿਲੀਲਿਟਰ ਓਬਰੇਨ/ਵੋਲਟੇਜ਼ 22.9 ਐਸ ਸੀ (ਸਪੈਰੋਮੈਸੀਫਿਨ) ਦਾ ਛਿੜਕਾਅ ਕਰੋ। ਬਾਲਗਾਂ ਦੀ ਰੋਕਥਾਮ ਲਈ 200 ਗ੍ਰਾਮ ਕਲਾਸਟੋ 20 ਡਬਲਯੂ ਜੀ (ਪਾਇਰੀਫਲੂਕੀਨਾਜ਼ੋਨ) ਜਾਂ 400 ਮਿਲੀਲਿਟਰ ਸਫੀਨਾ 50 ਡੀ ਸੀ (ਅਫਿਡੋਪਾਇਰੋਪਿਨ) ਜਾਂ 60 ਗ੍ਰਾਮ ਓਸ਼ੀਨ 20 ਐਸ ਜੀ (ਡਾਇਨੋਟੈਫੂਰਾਨ) ਜਾਂ 200 ਗ੍ਰਾਮ ਪੋਲੋ/ਰੂਬੀ/ਕਰੇਜ਼/ਲੂਡੋ/ਸ਼ੋਕੂ 50 ਡਬਲਯੂ ਪੀ (ਡਾਇਆਫੈਨਥੀ ਯੂਰੋਨ) ਜਾਂ 80 ਗ੍ਰਾਮ ਉਲਾਲਾ 50 ਡਬਲਯੂ ਜੀ (ਫਲੋਨਿਕਾਮਿਡ) ਨੂੰ 125 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ। ਗੁਲਾਬੀ ਸੁੰਡੀ ਦੀ ਰੋਕਥਾਮ ਲਈ 300 ਮਿਲੀਲਿਟਰ ਡੈਨੀਟੋਲ 10 ਈ ਸੀ ਜਾਂ 100 ਗ੍ਰਾਮ ਪਰੋਕਲੇਮ 5 ਐਸ ਜੀ ਨੂੰ 100 ਲਿਟਰ ਪਾਣੀ ਵਿਚ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕੋ। ਨਰਮੇ ਦੇ ਖੇਤਾਂ ਵਿਚੋਂ ਪੱਤਾ ਮਰੋੜ ਵਿਸ਼ਾਣੂੰ ਨਾਲ ਪ੍ਰਭਾਵਿਤ ਬੂਟਿਆਂ ਨੂੰ ਸਮੇਂ-ਸਮੇਂ ਤੇ ਪੁੱਟ ਕੇ ਦਬਾਅ ਦਿਓ। ਗੁਲਾਬੀ ਸੁੰਡੀ ਦੀ ਗੈਰ ਰਸਾਇਣਕ ਰੋਕਥਾਮ ਲਈ ਫੀਰਾਮੋਨ (ਗੋਸੀਪਲਉਰ 4%; 7, 11 ਹੈਕਸਾਡੇਕਾਡਾਈਨਾਇਲ) ਆਧਾਰਿਤ ਸਪਲੈਟ ਉਤਪਾਦ ਕਰੈਮਿਨ ਪੀ ਬੀ ਡਬਲਯੂ ਨੂੰ 125 ਗ੍ਰਾਮ ਪ੍ਰਤੀ ਕਿਲਾ ਪ੍ਰਤੀ ਡੋਜ਼ ਨਰਮੇ ਦੀ ਫਸਲ ਤੇ ਪਹਿਲੀ ਵਾਰ ਫੁੱਲ-ਡੋਡੀ ਦੀ ਆਮਦ ਤੇ (ਬਿਜਾਈ ਤੋਂ 45-55 ਦਿਨ ਦੇ ਵਕਫੇ ਤੇ) ਇਕ ਕਿਲੇ ਵਿਚ 400 ਬੂਟਿਆਂ ਤੇ ਇਕਸਾਰ ਲਗਾਇਆ ਜਾਵੇ। ਰਸਾਇਣਕ ਰੋਕਥਾਮ ਲਈ 300 ਮਿਲੀਲਿਟਰ ਡੈਨੀਟੋਲ / ਮੀਓਥ੍ਰਨ 10 ਈ ਸੀ ਜਾਂ 100 ਗ੍ਰਾਮ ਪਰੋਕਲੇਮ 5 ਐਸ ਜੀ ਨੂੰ 100 ਲਿਟਰ ਪਾਣੀ ਵਿਚ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕੋ । ਹਰੇ ਤੇਲੇ ਦੀ ਰੋਕਥਾਮ ਲਈ 300 ਮਿਲੀਲਿਟਰ ਕੀਫਨ 15 ਈ ਸੀ ਜਾਂ 80 ਗ੍ਰਾਮ ਉਲਾਲਾ ਜੀ ਜਾਂ 60 ਗ੍ਰਾਮ ਓਸ਼ੀਨ 20 ਐਸ ਸੀ ਨੂੰ 100 ਲਿਟਰ ਪਾਣੀ ਵਿਚ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕੋ। ਖੇਤਾਂ ਵਿਚ ਲੀਫ ਕਰਲ ਵਾਲੇ ਬੂਟੇ ਪੁੱਟ ਕੇ ਦਬਾਉਂਦੇ ਰਹੋ। ਚਿੱਟੀ ਮੱਖੀ ਦੇ ਇਕਨਾਮਿਕ ਥਰੈਸ਼ਹੋਲਡ ਲੈਵਲ (6 ਬਾਲਗ ਪ੍ਰਤੀ ਪੱਤਾ ਸਵੇਰੇ 10 ਵਜੇ ਤੋਂ ਪਹਿਲਾਂ) ਤੇ ਪਹੁੰਚਣ ਤੇ 400 ਮਿਲੀਲਿਟਰ ਸਫੀਨਾ ਜਾਂ 60 ਗ੍ਰਾਮ ਓਸ਼ੀਨ ਨੂੰ ਪ੍ਰਤੀ ਏਕੜ ਦੇ ਹਿਸਾਬ ਨਾਲ 100 ਲਿਟਰ ਪਾਣੀ ਵਿਚ ਘੋਲ ਕੇ ਛਿੜਕੋ।

ਬਾਕੀ ਸਫਾ 6 'ਤੇ



# ਆਲਮੀ ਚੁਣੌਤੀ ਹੈ ਜਲਵਾਯੂ ਤਬਦੀਲੀ

ਅਮਰਪਾਲ ਸਿੰਘ ਵਰਮਾ
ਮੋ. 98290-19785

ਜਲਵਾਯੂ ਤਬਦੀਲੀ ਪੂਰੀ ਦੁਨੀਆਂ ਲਈ ਚੁਣੌਤੀ ਬਣ ਗਈ ਹੈ। ਇਸ ਦਾ ਵੱਖ-ਵੱਖ ਖੇਤਰਾਂ 'ਤੇ ਵਿਆਪਕ ਪ੍ਰਭਾਵ ਪੈ ਰਿਹਾ ਹੈ। ਸਾਡੀ ਖੇਤੀ ਵੀ ਇਸ ਨਾਲ ਪ੍ਰਭਾਵਿਤ ਹੋ ਰਹੀ ਹੈ। ਖੇਤੀ 'ਤੇ ਮੌਸਮੀ ਤਬਦੀਲੀ ਦੇ ਮਾੜੇ ਪ੍ਰਭਾਵਾਂ ਕਾਰਨ ਕਰੋੜਾਂ ਕਿਸਾਨ ਪ੍ਰਭਾਵਿਤ ਹੋ ਰਹੇ ਹਨ। ਇਕ ਤਾਜ਼ਾ ਸਰਵੇਖਣ ਰਿਪੋਰਟ ਖੇਤੀਬਾੜੀ ਉੱਤੇ ਜਲਵਾਯੂ ਪਰਿਵਰਤਨ ਦੇ ਵਿਆਪਕ ਪ੍ਰਭਾਵਾਂ ਦਾ ਖੁਲਾਸਾ ਕਰਦੀ ਹੈ। ਇਸ ਮੁਤਾਬਕ ਭਾਰਤ ਦੇ 80 ਫੀਸਦੀ ਸੀਮਾਂਤ ਕਿਸਾਨਾਂ ਨੂੰ ਪਿਛਲੇ ਪੰਜ ਸਾਲਾਂ ਵਿਚ ਉਲਟ ਜਲਵਾਯੂ ਘਟਨਾਵਾਂ ਕਾਰਨ ਫਸਲਾਂ ਦਾ ਨੁਕਸਾਨ ਹੋਇਆ ਹੈ।

ਦੁਨੀਆਂ ਭਰ ਦੇ ਮਾਹਿਰ ਲੰਬੇ ਸਮੇਂ ਤੋਂ ਜਲਵਾਯੂ ਪਰਿਵਰਤਨ ਦੇ ਖਤਰਿਆਂ ਬਾਰੇ ਚੇਤਾਵਨੀ ਦੇ ਰਹੇ ਹਨ ਪਰ ਇਸ ਨੂੰ ਲੋੜੀਂਦੀ ਗੰਭੀਰਤਾ ਨਾਲ ਨਹੀਂ ਲਿਆ ਗਿਆ ਹੈ। ਪੌਣ-ਪਾਣੀ ਬਦਲਾਅ 'ਤੇ ਚਰਚਾ ਹੋਣ ਲੱਗੀ ਹੈ ਪਰ ਇਸ ਨਾਲ ਨਜਿੱਠਣ ਲਈ ਪ੍ਰਭਾਵੀ ਕਦਮ ਗੰਭੀਰਤਾ ਨਾਲ ਨਹੀਂ ਚੁੱਕੇ ਜਾ ਰਹੇ। ਜਲਵਾਯੂ ਪਰਿਵਰਤਨ ਕਾਰਨ ਬਾਰਿਸ਼ ਦੇ ਮੌਸਮੀ-ਚੱਕਰ ਬਦਲ ਰਹੇ ਹਨ। ਕਦੇ ਬਹੁਤ ਜ਼ਿਆਦਾ ਮੀਂਹ ਪੈਂਦਾ ਹੈ ਅਤੇ ਕਦੇ ਸੋਕਾ ਜਿਸ ਕਾਰਨ ਫਸਲਾਂ ਦੀ ਪੈਦਾਵਾਰ ਪ੍ਰਭਾਵਿਤ ਹੁੰਦੀ ਹੈ। ਪਿਛਲੇ ਦੋ-ਤਿੰਨ ਸਾਲਾਂ ਵਿਚ ਵਧ ਰਹੇ ਤਾਪਮਾਨ ਕਾਰਨ ਫਸਲਾਂ ਦਾ ਵਾਧਾ ਪ੍ਰਭਾਵਿਤ ਹੋਇਆ ਹੈ। ਕਣਕ ਵਰਗੀਆਂ ਬਹੁਤ ਸਾਰੀਆਂ ਫਸਲਾਂ ਬਹੁਤ ਜ਼ਿਆਦਾ ਤਾਪਮਾਨ ਨੂੰ ਬਰਦਾਸ਼ਤ ਨਹੀਂ ਕਰ ਸਕਦੀਆਂ, ਨਤੀਜੇ ਵਜੋਂ ਝਾੜ ਘਟਦਾ ਹੈ। ਉੱਚ ਤਾਪਮਾਨ ਅਤੇ ਨਮੀ ਵਾਲੇ ਹਾਲਾਤ ਨੇ ਕੀੜਿਆਂ ਅਤੇ ਬਿਮਾਰੀਆਂ ਦੀਆਂ ਘਟਨਾਵਾਂ ਨੂੰ ਵਧਾਇਆ ਹੈ। ਉੱਤਰੀ ਭਾਰਤ ਦੀ ਕਪਾਹ ਪੱਟੀ ਵਿਚ ਪਿਛਲੇ ਕਈ ਸਾਲਾਂ ਤੋਂ ਗੁਲਾਬੀ ਸੁੰਡੀ ਕਪਾਹ ਦੀ ਫਸਲ ਨੂੰ ਤਬਾਹ ਕਰ ਰਹੀ ਹੈ। ਫਸਲਾਂ ਦੀਆਂ ਬਿਮਾਰੀਆਂ ਜਿਨ੍ਹਾਂ ਬਾਰੇ ਖੇਤੀਬਾੜੀ ਵਿਭਾਗ ਜਾਣੂ ਹੈ, ਉਨ੍ਹਾਂ ਨਾਲ ਨਜਿੱਠਣਾ ਬਹੁਤ ਮੁਸ਼ਕਲ ਹੁੰਦਾ ਜਾ ਰਿਹਾ ਹੈ। ਇਸ ਦੇ ਨਾਲ ਹੀ ਇਹ ਖਦਸ਼ਾ ਵੀ ਬਣਿਆ ਹੋਇਆ ਹੈ ਕਿ ਜਲਵਾਯੂ ਤਬਦੀਲੀ ਕਾਰਨ ਫਸਲਾਂ 'ਤੇ ਕੁਝ ਨਵੀਆਂ ਬਿਮਾਰੀਆਂ ਦਾ ਹਮਲਾ ਹੋ ਸਕਦਾ ਹੈ ਜਿਸ ਨਾਲ ਨਜਿੱਠਣ ਲਈ ਕਿਸਾਨਾਂ ਕੋਲ ਢੁੱਕਵੀਂ ਤਿਆਰੀ ਨਹੀਂ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਜਲਵਾਯੂ ਪਰਿਵਰਤਨ ਦੇ ਕਈ ਨੁਕਸਾਨ ਖੇਤੀ ਨੂੰ ਪ੍ਰਭਾਵਿਤ ਕਰ ਰਹੇ ਹਨ। ਇਸ ਵਰਤਾਰੇ ਕਾਰਨ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਸੋਕੇ ਦੀ ਸਥਿਤੀ ਪੈਦਾ ਹੋ ਰਹੀ ਹੈ। ਜਿਸ, ਕਾਰਨ ਧਰਤੀ ਹੇਠਲੇ ਪਾਣੀ ਦੀ ਦੁਰਵਰਤੋਂ ਹੋ ਰਹੀ ਹੈ। ਇਸ ਵਜ੍ਹਾ ਨਾਲ ਧਰਤੀ ਹੇਠਲੇ ਪਾਣੀ ਦੇ ਪੱਧਰ ਵਿਚ ਗਿਰਾਵਟ ਆ ਰਹੀ ਹੈ। ਜਿੱਥੇ ਕਿਤੇ ਵੀ ਜ਼ਿਆਦਾ ਵਰਖਾ ਹੋ ਰਹੀ ਹੈ, ਉੱਥੇ ਮਿੱਟੀ ਦਾ ਕਟਾਅ ਹੋਣ ਕਾਰਨ ਉਸ ਦੀ ਉਪਜਾਊ ਸ਼ਕਤੀ ਘੱਟ ਰਹੀ ਹੈ। ਸੋਕੇ ਦੀ ਸਥਿਤੀ ਵਿਚ ਮਿੱਟੀ ਵਿਚ ਖਾਰਾਪਣ ਵਧ ਜਾਂਦਾ ਹੈ ਜੋ ਫਸਲਾਂ ਦੇ ਵਾਧੇ ਵਿਚ ਰੁਕਾਵਟ ਪਾਉਂਦਾ ਹੈ। ਹਾਲੀਆ ਸਾਲਾਂ ਵਿਚ ਬਦਲਦੇ ਮੌਸਮ ਚੱਕਰ ਕਾਰਨ ਕਿਸਾਨ ਫਸਲਾਂ ਦੇ ਉਤਪਾਦਨ ਵਿਚ ਅਨਿਸ਼ਚਿਤਤਾ ਦਾ ਸਾਹਮਣਾ ਕਰ ਰਹੇ ਹਨ। ਪਿਛਲੇ ਦਹਾਕੇ ਵਿਚ ਕਦੇ ਵੱਧ ਝਾੜ ਅਤੇ ਕਦੇ ਘੱਟ ਝਾੜ ਦੀ ਸਥਿਤੀ ਬਣੀ ਰਹੀ।



ਜਲਵਾਯੂ ਪਰਿਵਰਤਨ ਦਾ ਨੁਕਸਾਨ ਕਿੰਨਾ ਸਪਸ਼ਟ ਦਿਖਾਈ ਦੇ ਰਿਹਾ ਹੈ, ਇਸ ਦਾ ਅਨੁਮਾਨ ਡਿਵੈਲਪਮੈਂਟ ਇੰਟੈਲੀਜੈਂਸ ਯੂਨਿਟ ਦੇ ਸਹਿਯੋਗ ਨਾਲ ਫੋਰਮ ਆਫ ਇੰਟਰਪ੍ਰਾਈਜ਼ਿਜ਼ ਫਾਰ ਇਕੁਇਟੇਬਲ ਡਿਵੈਲਪਮੈਂਟ ਦੁਆਰਾ ਕਰਵਾਏ ਸਰਵੇਖਣ ਦੇ ਨਤੀਜਿਆਂ ਤੋਂ ਲਗਾਇਆ ਜਾ ਸਕਦਾ ਹੈ। ਇਸ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤ ਵਿਚ 80 ਪ੍ਰਤੀਸ਼ਤ ਸੀਮਾਂਤ ਕਿਸਾਨਾਂ ਨੂੰ ਪਿਛਲੇ ਪੰਜ ਸਾਲਾਂ ਵਿਚ ਪ੍ਰਤੀਕੂਲ ਮੌਸਮੀ ਘਟਨਾਵਾਂ ਕਾਰਨ ਫਸਲਾਂ ਦਾ ਨੁਕਸਾਨ ਹੋਇਆ ਹੈ। ਇਹ ਸਰਵੇਖਣ ਕਿਸੇ ਸੀਮਾਂਤ ਖੇਤਰ ਵਿਚ ਨਹੀਂ ਕੀਤਾ ਗਿਆ ਹੈ ਸਗੋਂ ਦੇਸ਼ ਦੇ 21 ਰਾਜਾਂ ਦੇ 6,615 ਕਿਸਾਨਾਂ ਨਾਲ ਗੱਲਬਾਤ ਕਰ ਕੇ ਸਥਿਤੀ ਦਾ ਪਤਾ ਲਗਾਇਆ ਗਿਆ ਹੈ। ਸਰਵੇਖਣ ਦੇ ਨਤੀਜੇ ਦਰਸਾਉਂਦੇ ਹਨ ਕਿ ਫਸਲਾਂ ਦੇ ਨੁਕਸਾਨ ਦਾ ਮੁੱਖ ਕਾਰਨ ਸੋਕਾ (41 ਪ੍ਰਤੀਸ਼ਤ) ਅਨਿਯਮਿਤ ਬਾਰਿਸ਼ ਸਮੇਤ ਬਹੁਤ ਜ਼ਿਆਦਾ ਜਾਂ ਬੇਮੌਸਮੀ ਵਰਖਾ (32 ਪ੍ਰਤੀਸ਼ਤ) ਮੌਨਸੂਨ ਦਾ ਦੇਰੀ ਨਾਲ ਆਉਣਾ ਜਾਂ ਸਮੇਂ ਤੋਂ ਪਹਿਲਾਂ ਵਾਪਸੀ (24 ਪ੍ਰਤੀਸ਼ਤ) ਹਨ।

ਸਰਵੇਖਣ ਵਿਚ ਸ਼ਾਮਲ ਕਿਸਾਨਾਂ ਵਿੱਚੋਂ ਲਗਭਗ 43 ਫੀਸਦੀ ਨੂੰ ਖੇਤਾਂ ਵਿਚ ਖੜ੍ਹੀ ਘੱਟ-ਘੱਟ ਅੱਧੀ ਫਸਲ ਦਾ ਨੁਕਸਾਨ ਝੱਲਣਾ ਪਿਆ। ਚੌਲ ਸਬਜ਼ੀਆਂ ਅਤੇ ਦਾਲਾਂ ਖਾਸ ਤੌਰ 'ਤੇ ਬੇਮੌਸਮੀ ਬਾਰਿਸ਼ ਕਾਰਨ ਪ੍ਰਭਾਵਿਤ ਹੋਈਆਂ ਹਨ। ਸਰਵੇਖਣ ਰਿਪੋਰਟ ਵਿਚ ਇਹ ਉਜਾਗਰ ਕੀਤਾ ਗਿਆ ਹੈ ਕਿ ਕਿਸ ਤਰ੍ਹਾਂ ਦੇਸ਼ ਦੇ ਕੁਝ ਹਿੱਸਿਆਂ ਵਿਚ ਵਾਧੂ ਪਾਣੀ ਤੇ ਪਾਣੀ ਦੀ ਕਮੀ ਕਾਰਨ ਕਿਸਾਨਾਂ ਨੂੰ ਨੁਕਸਾਨ ਹੋ ਰਿਹਾ ਹੈ। ਇਹ ਸਰਵੇਖਣ ਰਿਪੋਰਟ ਦੱਸਦੀ ਹੈ ਕਿ ਦੇਸ਼ ਦੇ ਉੱਤਰੀ ਰਾਜਾਂ ਵਿਚ ਝੋਨੇ ਦੇ ਖੇਤ ਇਕ ਹਫਤੇ ਤੋਂ ਵੱਧ ਸਮੇਂ ਤੱਕ ਪਾਣੀ ਵਿਚ ਡੁੱਬੇ ਰਹਿਣ ਕਾਰਨ ਨਵੇਂ ਲਗਾਏ ਪੌਦੇ ਅਕਸਰ ਨਸ਼ਟ ਹੋ ਜਾਂਦੇ ਹਨ। ਦੂਜੇ ਪਾਸੇ ਮਹਾਂਰਾਸ਼ਟਰ, ਤੇਲੰਗਾਨਾ, ਆਂਧਰ ਪ੍ਰਦੇਸ਼, ਛੱਤੀਸਗੜ੍ਹ, ਬਿਹਾਰ ਅਤੇ ਪੱਛਮੀ ਬੰਗਾਲ ਵਰਗੇ ਰਾਜਾਂ ਵਿਚ ਘੱਟ ਬਾਰਿਸ਼ ਕਾਰਨ ਚੌਲ, ਮੱਕੀ, ਕਪਾਹ, ਸੋਇਆਬੀਨ, ਮੂੰਗਫਲੀ ਅਤੇ ਦਾਲਾਂ ਵਰਗੀਆਂ ਵੱਖ-ਵੱਖ ਫਸਲਾਂ ਦੀ ਬਿਜਾਈ ਵਿਚ ਦੇਰੀ ਹੋਈ ਹੈ। ਹਾਲੀਆ ਦੋ-ਤਿੰਨ ਸਾਲਾਂ ਵਿਚ ਰਾਜਸਥਾਨ, ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼ ਸਮੇਤ ਵੱਖ-ਵੱਖ ਰਾਜਾਂ ਵਿਚ ਵੱਧ ਰਹੇ ਤਾਪਮਾਨ ਕਾਰਨ ਫਸਲਾਂ ਦਾ ਵਾਧਾ ਪ੍ਰਭਾਵਿਤ ਹੋਇਆ ਹੈ। ਕਣਕ ਵਰਗੀਆਂ ਬਹੁਤ ਸਾਰੀਆਂ ਫਸਲਾਂ ਬਹੁਤ ਜ਼ਿਆਦਾ ਤਾਪਮਾਨ ਨੂੰ ਬਰਦਾਸ਼ਤ ਨਹੀਂ ਕਰ ਸਕਦੀਆਂ ਜਿਸ ਨਾਲ ਉਨ੍ਹਾਂ ਦਾ ਉਤਪਾਦਨ ਘਟਿਆ ਹੈ। ਇਸ ਗੱਲ ਦੀ ਪੁਸ਼ਟੀ ਸਰਵੇਖਣ ਰਿਪੋਰਟ ਤੋਂ ਹੋਈ ਹੈ। ਸੰਨ 2022 ਵਿਚ ਗਰਮੀ ਨੇ ਦੇਸ਼ ਵਿਚ ਕਣਕ ਦੀ ਫਸਲ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਤੇ ਉਤਪਾਦਨ ਸਾਲ 2021 ਵਿਚ 10 ਕਰੋੜ 95.9 ਲੱਖ ਟਨ ਦੇ ਮੁਕਾਬਲੇ ਘਟ ਕੇ 10 ਕਰੋੜ 77 ਲੱਖ ਟਨ ਰਹਿ ਗਿਆ। ਇਸ ਨੇ ਸੰਸਾਰ ਦੇ ਦੂਜੇ ਸਭ ਤੋਂ ਵੱਡੇ ਕਣਕ ਉਤਪਾਦਕ ਮੁਲਕ ਨੂੰ ਬਰਾਮਦ 'ਤੇ ਪਾਬੰਦੀ ਲਗਾਉਣ ਲਈ ਮਜਬੂਰ ਕੀਤਾ। ਗਰਮੀ ਨੇ ਫਿਰ 2023 ਵਿਚ ਕਣਕ ਦੇ ਉਤਪਾਦਨ ਨੂੰ ਢਾਹ ਲਾਈ ਤੇ ਸਰਕਾਰੀ ਟੀਚੇ ਦੇ ਮੁਕਾਬਲੇ ਲਗਭਗ 3 ਮਿਲੀਅਨ ਟਨ ਉਤਪਾਦਨ ਘਟਿਆ।


ਜਲਵਾਯੂ ਪਰਿਵਰਤਨ ਦੇ ਖੇਤੀ 'ਤੇ ਪੈ ਰਹੇ ਮਾੜੇ ਪ੍ਰਭਾਵਾਂ ਤੋਂ ਸੁਚੇਤ ਹੋਣ ਦੀ ਲੋੜ ਹੈ। ਲਗਾਤਾਰ ਘਟਦੀ ਆਮਦਨ ਕਾਰਨ ਦੇਸ਼ ਵਿਚ ਕਿਸਾਨਾਂ ਵਿਚ ਪਹਿਲਾਂ ਹੀ ਅਸੰਤੁਸ਼ਟੀ ਹੈ। ਕਿਸਾਨ ਲੰਬੇ ਸਮੇਂ ਤੋਂ ਅੰਦੋਲਨ ਕਰ ਰਹੇ ਹਨ। ਜੇ ਉਨ੍ਹਾਂ ਦੀ ਆਮਦਨ ਵਿਚ ਹੋਰ ਗਿਰਾਵਟ ਆਉਂਦੀ ਹੈ (ਭਾਵੇਂ ਇਸ ਲਈ ਜਲਵਾਯੂ ਪਰਿਵਰਤਨ ਜ਼ਿੰਮੇਵਾਰ ਹੈ) ਤਾਂ ਉਨ੍ਹਾਂ ਵਿਚ ਨਿਰਾਸ਼ਾ ਕਈ ਸਮੱਸਿਆਵਾਂ ਨੂੰ ਜਨਮ ਦੇਵੇਗੀ। ਕੁਦਰਤੀ ਹੈ ਕਿ ਫਸਲਾਂ ਦੀ ਪੈਦਾਵਾਰ ਘਟਣ ਨਾਲ ਖੁਰਾਕ ਸੁਰੱਖਿਆ ਨੂੰ ਖਤਰਾ ਪੈਦਾ ਹੋ ਜਾਂਦਾ ਹੈ ਜਿਸ ਕਾਰਨ ਸਮਾਜ ਵਿਚ ਅਨਾਜ ਦੀ ਕਮੀ ਕਈ ਸਮੱਸਿਆਵਾਂ ਪੈਦਾ ਕਰ ਸਕਦੀ ਹੈ। ਜਲਵਾਯੂ ਪਰਿਵਰਤਨ ਨਾਲ ਨਜਿੱਠਣ ਲਈ ਲੋੜੀਂਦੇ ਕਦਮ ਚੁੱਕਣੇ ਪੈਣਗੇ ਕਿਉਂਕਿ ਭਵਿੱਖ 'ਚ ਸਮੱਸਿਆਵਾਂ ਦਾ ਵਧਣਾ ਯਕੀਨੀ ਹੈ। ਫੋਰਮ ਆਫ ਇੰਟਰਪ੍ਰਾਈਜ਼ਿਜ਼ ਫਾਰ ਇਕੁਇਟੇਬਲ ਡਿਵੈਲਪਮੈਂਟ ਨੇ ਇਹ ਵੀ ਚੇਤਾਵਨੀ ਦਿੱਤੀ ਹੈ ਕਿ ਤੇਜ਼ੀ ਨਾਲ ਜਲਵਾਯੂ ਪਰਿਵਰਤਨ ਦਾ ਖਤਰਾ ਹੁਣ ਦੂਰ ਨਹੀਂ ਹੈ। ਸਾਲ 2024 ਦੀ ਭਿਆਨਕ ਗਰਮੀ ਇਸ ਚੇਤਾਵਨੀ ਦੀ ਪੁਸ਼ਟੀ ਕਰ ਰਹੀ ਹੈ। ਕੁਦਰਤ ਨਾਲ ਲਗਾਤਾਰ ਖਿਲਵਾੜ ਕਰਦੇ ਹੋਏ ਅਸੀਂ ਹੁਣ ਅਜਿਹੇ ਮੁਕਾਮ 'ਤੇ ਪਹੁੰਚ ਗਏ ਹਾਂ ਜਿੱਥੇ ਜਲਵਾਯੂ ਅਨੁਕੂਲ ਰਣਨੀਤੀ ਵਿਕਸਤ ਕਰਨ ਤੋਂ ਇਲਾਵਾ ਹੋਰ ਕੋਈ ਵਿਕਲਪ ਨਹੀਂ ਹੈ। ਜੇ ਅਸੀਂ ਖੇਤੀਬਾੜੀ ਨੂੰ ਬਚਾਉਣਾ ਚਾਹੁੰਦੇ ਹਾਂ ਤੇ ਭੋਜਨ ਦੀ ਕਮੀ ਤੇ ਭੁੱਖਮਰੀ ਤੋਂ ਬਚਣਾ ਚਾਹੁੰਦੇ ਹਾਂ ਤਾਂ ਸਾਨੂੰ ਸੋਕਾ-ਰੋਧਕ ਫਸਲਾਂ ਦੀ ਕਾਸ਼ਤ, ਮਿਸ਼ਰਤ ਖੇਤੀ ਤੇ ਕੁਦਰਤੀ ਸਰੋਤਾਂ ਦੀ ਸੰਭਾਲ ਸਮੇਤ ਜਲਵਾਯੂ ਪਰਿਵਰਤਨ ਦੇ ਅਨੁਕੂਲ ਟਿਕਾਊ ਖੇਤੀਬਾੜੀ ਅਭਿਆਸਾਂ ਨੂੰ ਅਪਣਾਉਣ ਵੱਲ ਵਧਣਾ ਹੋਵੇਗਾ।

ਸਿੰਚਾਈ ਦੇ ਆਧੁਨਿਕ ਤਰੀਕਿਆਂ ਜਿਵੇਂ ਤੁਪਕਾ ਅਤੇ ਸਪ੍ਰਿੰਕਲਰ ਸਿੰਚਾਈ ਨੂੰ ਅਪਣਾ ਕੇ ਪਾਣੀ ਦੀ ਬੱਚਤ ਲਈ ਯਤਨ ਕਰਨੇ ਪੈਣਗੇ। ਸਾਡੇ ਖੇਤੀ ਵਿਗਿਆਨੀ ਦਹਾਕਿਆਂ ਤੋਂ ਫਸਲੀ ਵਿਭਿੰਨਤਾ ਨੂੰ ਉਤਸ਼ਾਹਤ ਕਰਨ ਦੀ ਵਕਾਲਤ ਕਰਦੇ ਆ ਰਹੇ ਹਨ। ਹੁਣ ਜੇਕਰ ਕੀੜਿਆਂ ਅਤੇ ਬਿਮਾਰੀਆਂ ਦੇ ਪ੍ਰਕੋਪ ਨੂੰ ਕਾਬੂ ਕਰਨਾ ਹੈ ਤਾਂ ਫਸਲੀ ਵਿਭਿੰਨਤਾ ਹੀ ਇਕਮਾਤਰ ਹੱਲ ਹੈ। ਇਹ ਜ਼ਰੂਰੀ ਹੈ ਕਿ ਅਸੀਂ ਅਜਿਹਾ ਕੁਝ ਨਾ ਕਰੀਏ ਜਿਸ ਨਾਲ ਜਲਵਾਯੂ ਤਬਦੀਲੀ ਦਾ ਖਤਰਾ ਵਧੇ। ਕਿਸਾਨਾਂ ਨੂੰ ਜਲਵਾਯੂ ਅਨੁਕੂਲ ਫਸਲਾਂ ਦੀ ਬਿਜਾਈ ਵੱਲ ਧਿਆਨ ਦੇਣਾ ਹੋਵੇਗਾ। ਖੇਤੀ ਖੋਜ ਸੰਸਥਾਵਾਂ ਨੂੰ ਜਲਵਾਯੂ ਪਰਿਵਰਤਨ ਦੇ ਪ੍ਰਭਾਵਾਂ ਦਾ ਅਧਿਐਨ ਕਰਨ ਅਤੇ ਕਿਸਾਨਾਂ ਨੂੰ ਢੁੱਕਵੀਂ ਸਲਾਹ ਦੇਣ ਦੀ ਅਹਿਮ ਜ਼ਿੰਮੇਵਾਰੀ ਨਿਭਾਉਣੀ ਪਵੇਗੀ। ਖੇਤੀ 'ਤੇ ਜਲਵਾਯੂ ਪਰਿਵਰਤਨ ਦਾ ਮਾੜਾ ਪ੍ਰਭਾਵ ਇਕ ਗੰਭੀਰ ਚੁਣੌਤੀ ਹੈ ਜਿਸ ਦੇ ਹੱਲ ਲਈ ਸਮੂਹਿਕ ਯਤਨਾਂ ਦੀ ਲੋੜ ਹੈ। ਜਲਵਾਯੂ ਤਬਦੀਲੀ ਦੀ ਚੁਣੌਤੀ ਨੂੰ ਟਿਕਾਊ ਅਤੇ ਅਨੁਕੂਲ ਖੇਤੀ ਅਭਿਆਸਾਂ ਨੂੰ ਅਪਣਾ ਕੇ ਯੋਜਨਾਬੱਧ ਤਰੀਕੇ ਨਾਲ ਹੱਲ ਕੀਤਾ ਜਾ ਸਕਦਾ ਹੈ।

--------- ਬਾਕੀ ਸਫਾ 5 ਦੀ ---------

## ਕਿਸਾਨ ਵੀਰਾਂ ਲਈ ਇਸ ਹਫਤੇ ਦੇ ਖੇਤੀ ਰੁਝੇਵੇਂ

**ਮੱਕੀ** : ਜ਼ਿਆਦਾ ਦੇਰ ਤੱਕ ਪਾਣੀ ਖੜ੍ਹਾ ਮੱਕੀ ਦੀ ਫਸਲ ਸਹਾਰ ਨਹੀਂ ਸਕਦੀ। ਇਸ ਲਈ ਵਾਧੂ ਖੜ੍ਹਾ ਪਾਣੀ ਖੇਤ ਵਿਚੋਂ ਬਾਹਰ ਕੱਢ ਦਿਓ ਇਸ ਨਾਲ ਫਸਲ ਤੇ ਤਣਾ ਗਲਣ ਦਾ ਰੋਗ ਵੀ ਘੱਟ ਲੱਗਦਾ ਹੈ। ਮੱਕੀ ਵਿਚ ਫਾਲ ਆਰਮੀਵਰਮ ਦੀ ਰੋਕਥਾਮ ਲਈ 0.4 ਮਿਲੀਲਿਟਰ ਕੋਰਾਜਨ 18.5 ਐੱਸ ਸੀ ਜਾਂ 0.5 ਮਿਲੀਲਿਟਰ ਡੈਲੀਗੇਟ 11.7 ਐੱਸ ਸੀ ਜਾਂ 0.4 ਗ੍ਰਾਮ ਮਿਜ਼ਾਈਲ 5 ਐੱਸ ਜੀ ਪ੍ਰਤੀ ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ। ਕੀੜੇ ਦੀ ਕਾਰਗਰ ਰੋਕਥਾਮ ਲਈ ਛਿੜਕਾਅ ਮੱਕੀ ਦੀ ਗੋਭ ਵੱਲ ਨੂੰ ਕਰੋ। ਫਸਲ 40 ਦਿਨਾਂ ਤੋਂ ਵੱਡੀ ਹੋਵੇ ਤਾਂ ਮਿੱਟੀ ਅਤੇ ਕੀਟਨਾਸ਼ਕ ਦੇ ਮਿਸ਼ਰਣ (ਲਗਭਗ ਅੱਧਾ ਗ੍ਰਾਮ) ਨੂੰ ਹਮਲੇ ਵਾਲੀਆਂ ਗੋਭਾਂ ਵਿਚ ਪਾਓ।



**ਕਮਾਦ** : ਕਮਾਦ ਵਿਚ ਤਣੇਂ ਦੇ ਗੜੂੰਏ ਦੀ ਰੋਕਥਾਮ ਲਈ ਟਰਾਈਕੋਗਰਾਮਾ ਕੀਲੋਨਸ 20,000 ਪ੍ਰਤੀ ਏਕੜ ਦੇ ਹਿਸਾਬ ਨਾਲ 10 ਦਿਨਾਂ ਦੇ ਵਕਫੇ ਤੇ ਖੇਤ ਵਿਚ ਛੱਡੋ। ਖੇਤ ਵਿਚ ਮਿੱਤਰ ਕੀੜੇ ਛੱਡਣ ਲਈ ਇਕ ਟਰਾਈਕੋ-ਕਾਰਡ (10×15 ਸੈ. ਮੀ.) ਨੂੰ 5 × 0.75 ਸੈ. ਮੀ. ਦੇ ਆਕਾਰ ਦੇ 40 ਛੋਟੇ ਬਰਾਬਰ ਹਿੱਸਿਆਂ ਵਿਚ ਕੱਟੋ। ਕਮਾਦ ਦੀ ਫਸਲ ਡਿੱਗਣ ਤੋਂ ਰੋਕਣ ਲਈ ਅਗਸਤ ਦੇ ਅਖੀਰ ਤੱਕ ਫਸਲ ਦੇ ਮੂੰਏ ਬੰਨ੍ਹ ਦਿਉ। ਰੇਤਲੀ ਅਤੇ ਕੱਲਰ ਵਾਲਿਆਂ ਜ਼ਮੀਨਾਂ ਤੇ ਕਮਾਦ ਤੇ ਲੋਹੇ ਦੀ ਘਾਟ ਆਮ ਤੌਰ ਤੇ ਆ ਜਾਂਦੀ ਹੈ ਜਿਸ ਦੀਆਂ ਨਿਸ਼ਾਨੀਆਂ ਨਵੇਂ ਪੱਤਿਆਂ ਤੇ ਵਿਖਾਈ ਦਿੰਦੀਆਂ ਹਨ। ਨਵੇਂ ਪੱਤੇ ਆਮ ਤੌਰ ਤੇ ਪੀਲੇ ਜਾਂ ਚਿੱਟੇ ਰੰਗ ਦੇ ਨਜ਼ਰ ਆਉਂਦੇ ਹਨ, ਇਸ ਤੱਤ ਦੀ ਘਾਟ 1 ਪ੍ਰਤੀਸ਼ਤ ਫੈਰਸ ਸਲਫੇਟ (1 ਕਿਲੋ ਫੈਰਸ ਸਲਫੇਟ/100 ਲਿਟਰ ਪਾਣੀ) ਦੇ ਛਿੜਕਾਅ ਕਰਨ ਨਾਲ ਹੀ ਪੂਰੀ ਕਰ ਸਕਦੇ ਹਾਂ। ਹਫਤੇ ਦੇ ਵਕਫੇ ਤੇ 2-3 ਛਿੜਕਾਅ ਕਰੋ। ਜੇਕਰ ਖੇਤਾਂ ਵਿਚ ਜ਼ਿਆਦਾ ਪਾਣੀ ਹੋਵੇ ਤਾਂ ਉਹ ਕੱਢ ਦਿਉ। ਆਗ ਦੇ ਗੜੂੰਏਂ ਦੀ ਰੋਕਥਾਮ ਲਈ 10 ਕਿਲੋ ਫਰਟੇਰਾ 0.4 ਜੀ ਆਰ ਜਾਂ 12 ਕਿਲੋ ਦਾਣੇਦਾਰ ਕਾਰਬੋਫੂਰਾਨ 3 ਜੀ ਨੂੰ ਬੂਟਿਆਂ ਦੇ ਮੁੱਢਾਂ ਕੋਲ ਪਾ ਕੇ ਹਲਕੀ ਮਿੱਟੀ ਚੜ੍ਹਾਉਣ ਤੋਂ ਬਾਅਦ ਪਾਣੀ ਲਾਓ।



**ਬਾਗਬਾਨੀ** : ਅਮਰੂਦਾਂ ਦੇ ਮੱਖੀ ਦੇ ਹਮਲੇ ਨਾਲ ਖਰਾਬ ਹੋਏ ਫਲਾਂ ਨੂੰ ਇਕੱਠਾ ਕਰਕੇ ਲਗਾਤਾਰ ਦਬਾਉਂਦੇ ਰਹੋ। ਇਹ ਸਮਾਂ ਫਲਦਾਰ ਬੂਟਿਆਂ ਖਾਸ ਕਰਕੇ ਨਿੰਬੂ ਜਾਤੀ ਦੇ ਬੂਟੇ, ਅਮਰੂਦ, ਅੰਬ, ਲੀਚੀ, ਬਿੱਲ, ਆਮਲਾ, ਜਾਮਣ ਆਦਿ ਦੇ ਬੂਟਿਆਂ ਦੀ ਲਵਾਈ ਲਈ ਬਹੁਤ ਹੀ ਢੁੱਕਵਾਂ ਹੈ। ਬਾਗਾਂ ਵਿੱਚੋਂ ਅਤੇ ਇਸਦੇ ਆਲੇ-ਦੁਆਲਿਓਂ ਵੱਡੇ ਨਦੀਨ ਜਿਵੇਂ ਕਿ ਭੰਗ, ਕਾਂਗਰਸ ਘਾਹ ਨੂੰ ਪੁੱਟ ਦਿਓ ਕਿਉਂਕਿ ਬਰਸਾਤੀ ਮੌਸਮ ਵਿਚ ਇਹਨਾਂ ਨੂੰ ਜ਼ਮੀਨ ਵਿੱਚੋਂ ਪੁੱਟਣਾ ਬਹੁਤ ਸੁਖਾਲਾ ਹੁੰਦਾ ਹੈ। ਜੇਕਰ ਬਾਗਾਂ ਵਿਚ ਜਾਂ ਬੂਟਿਆਂ ਦੁਆਲੇ ਬਰਸਾਤ ਦਾ ਪਾਣੀ ਜਮ੍ਹਾਂ ਹੋ ਗਿਆ ਹੋਵੇ ਤਾਂ ਉਸਦੀ ਨਿਕਾਸੀ ਕਰ ਦਿਓ। ਕਿੰਨੂ ਦੇ ਬਾਗਾਂ ਵਿੱਚ 4.7 ਗ੍ਰਾਮ ਜ਼ਿੰਕ ਸਲਫੇਟ + 3.3 ਗ੍ਰਾਮ ਮੈਂਗਨੀਜ਼ ਸਲਫੇਟ ਦਾ ਛਿੜਕਾ ਕੀਤਾ ਜਾ ਸਕਦਾ ਹੈ। ਨਿੰਬੂ ਜਾਤੀ ਦੇ ਬਾਗਾਂ ਨੂੰ ਗੂੰਦੀਆ ਰੋਗ (ਫਾਈਟਪਥੋਰਾ) ਤੋਂ ਬਚਾਉਣ ਲਈ ਉਪਚਾਰ ਕਰਨ ਦਾ ਢੁੱਕਵਾਂ ਸਮਾਂ ਚੱਲ ਰਿਹਾ ਹੈ। ਸਿਫਾਰਸ਼ਾਂ ਮੁਤਾਬਿਕ ਉਪਚਾਰ ਕਰੋ।

**ਸਬਜ਼ੀਆਂ** : ਭਿੰਡੀ ਦੀ ਪੰਜਾਬ ਸੁਹਾਵਨੀ, ਪੰਜਾਬ ਲਾਲੀਮਾ ਅਤੇ ਲੋਬੀਏ ਦੀ ਕਾਉਪੀਅ-263 ਕਿਸਮਾਂ ਦੀ ਬੀਜਾਈ ਕੀਤੀ ਜਾ ਸਕਦੀ ਹੈ। ਕੱਦੂ ਜਾਤੀ ਦੀਆਂ ਸਬਜ਼ੀਆਂ ਵਿਚ ਘੀਆ ਕੱਦੂ, ਤੋਰੀ, ਕਰੇਲਾ ਅਤੇ ਟੀਂਡੇ ਦਾ 2 ਕਿਲੋ ਬੀਜ ਪ੍ਰਤੀ ਏਕੜ ਬੀਜੋ। ਹਲਵਾ ਕੱਦੂ ਅਤੇ ਵੰਗੇ ਦਾ ਬੀਜ 1 ਕਿਲੋ ਪ੍ਰਤੀ ਏਕੜ ਦੇ ਹਿਸਾਬ ਨਾਲ ਬੀਜਾਈ ਕਰੋ। ਫੁੱਲ ਗੋਭੀ ਦੀ ਅਗੇਤੀਆਂ ਕਿਸਮਾਂ ਦੀ ਪਨੀਰੀ ਦੀ ਲਵਾਈ ਮੁੱਖ ਖੇਤ ਵਿਚ ਕੀਤੀ ਜਾ ਸਕਦੀ ਹੈ।

**ਪਸ਼ੂ ਪਾਲਣ** : ਪਸ਼ੂ ਢਾਰੇ ਆਲੇ ਦੁਆਲੇ ਨਾਲੋਂ ਉੱਚੀ ਜਗ੍ਹਾ ਤੇ ਬਣਾਓ ਤਾਂ ਜੋ ਪਾਣੀ ਦਾ ਸਹੀ ਨਿਕਾਸ ਹੋ ਸਕੇ। ਪਸ਼ੂ ਢਾਰਿਆਂ ਵਿਚ ਜ਼ਿਆਦਾ ਨਮੀਂ ਇਕੱਠੀ ਨਾ ਹੋਣ ਦਿਓ ਅਤੇ ਇਸਦੇ ਕੰਟਰੋਲ ਲਈ ਦਿਨ ਦੀ ਧੁੱਪ ਵੇਲੇ ਖਿੜਕੀਆਂ ਖੋਲ ਦਿਉ। ਸਾਫ ਹਵਾ ਦੇ ਵਗਣ ਨਾਲ ਨਮੀਂ ਬਾਹਰ ਜਾਵੇਗੀ ਅਤੇ ਪਸ਼ੂ ਨੂੰ ਸਾਹ ਦੀਆਂ ਬਿਮਾਰੀਆਂ ਵੀ ਘੱਟ ਹੋਣਗੀਆਂ। ਸ਼ੈਡ ਵਿਚ ਪੱਕੇ ਫਰਸ਼ ਦਾ ਪ੍ਰਬੰਧ ਜ਼ਰੂਰ ਕਰੋ ਤਾਂ ਜੋ ਮਲ ਮੂਤਰ ਦਾ ਠੀਕ ਤਰ੍ਹਾਂ ਨਿਕਾਸ ਹੋ ਸਕੇ ਅਤੇ ਫਰਸ਼ ਦੀ ਸਫਾਈ ਕਰਨੀ ਸੌਖੀ ਹੋਵੇ। ਕੱਚੇ ਫਰਸ਼ ਦੀ ਉਪਰਲੀ ਮਿੱਟੀ ਦੀ ਤਹਿ ਸਮੇਂ ਸਮੇਂ ਤੇ ਬਦਲੋ। ਹਵਾ ਨਾਲ ਬਦਬੂ ਤੇ ਵੀ ਕੰਟਰੋਲ ਰਹਿੰਦਾ ਹੈ ਅਤੇ ਫਰਸ਼ ਤੇ ਨਾਲੀਆਂ ਸੁੱਕੀਆਂ ਰਹਿੰਦੀਆਂ ਹਨ।



ਡਾ. ਰਣਜੀਤ ਸਿੰਘ

## ਚਿੰਤਾ ਦਾ ਵਿਸ਼ਾ

# ਵਧ ਰਹੀ ਤਪਸ਼ ਘਟ ਰਹੇ ਰੁੱਖ

ਵਾਤਾਵਰਣ ਵਿਚ ਵਧ ਰਹੀ ਤਪਸ਼ ਨੇ ਮੌਸਮ ਦਾ ਮਿਜਾਜ ਬਦਲ ਦਿੱਤਾ ਹੈ। ਲੰਬੇ ਸਮੇਂ ਲਈ ਠੰਡ, ਕਈ ਦਿਨ ਧੁੰਦ, ਮੁੜ ਇਕਦਮ ਗਰਮੀ ਵਿਚ ਵਾਧਾ ਪਾਰੇ ਦਾ 47 ਡਿਗਰੀ ਨੂੰ ਪਾਰ ਕਰ ਜਾਣਾ ਖਤਰੇ ਦੀ ਘੰਟੀ ਹੈ। ਇਸ ਦੇ ਨੁਕਸਾਨ ਪ੍ਰਤਖ ਨਜ਼ਰ ਆ ਰਹੇ ਹਨ। ਇਸ ਮੌਸਮੀ ਤਬਦੀਲੀ ਦਾ ਸਭ ਤੋਂ ਵਧ ਹਰਜਾਨਾ ਕਿਸਾਨਾਂ ਨੂੰ ਭੁਗਤਣਾ ਪੈ ਰਿਹਾ ਹੈ। ਇਸ ਵਾਰ ਪਈ ਗਰਮੀ ਨਾਲ ਕਈ ਰੁੱਖ ਸੁੱਕ ਗਏ ਹਨ। ਸਭ ਤੋਂ ਵਧ ਅਸਰ ਨਿੰਮ ਉੱਤੇ ਪਿਆ ਹੈ। ਘਰਾਂ, ਖੇਤਾਂ ਜਾਂ ਸੜਕਾਂ ਕੰਢੇ ਸੁੱਕੇ ਰੁੱਖ ਆਮ ਨਜ਼ਰ ਆ ਰਹੇ ਹਨ। ਇਨ੍ਹਾਂ ਦੇ ਸੋਕੇ ਦਾ ਕਾਰਨ ਕੋਈ ਬਿਮਾਰੀ ਨਹੀਂ ਹੈ ਸਗੋਂ ਗਰਮੀ ਵਿਚ ਹੋਇਆ ਵਾਧਾ ਹੈ। ਵੱਧ ਰਹੀ ਤਪਸ਼ ਲਈ ਸਭ ਤੋਂ ਵਧ ਜ਼ੁੰਮੇਵਾਰ ਗਰੀਨ ਹਾਉਸ ਗੈਸਾਂ ਹਨ। ਸਾਡੇ ਦੇਸ਼ ਵਿਚ ਪਿਛਲੇ ਕੁਝ ਸਾਲਾਂ ਵਿਚ ਗੱਡੀਆਂ ਦੀ ਗਿਣਤੀ ਤੇਜ਼ੀ ਨਾਲ ਵਧੀ ਹੈ। ਸ਼ਾਇਦ ਹੀ ਕੋਈ ਘਰ ਅਜੇਹਾ ਹੋਵੇਗਾ ਜਿਸ ਕੋਲ ਕੋਈ ਨਾ ਕੋਈ ਵਾਹਨ ਨਹੀਂ ਹੋਵੇਗਾ। ਗੱਡੀਆਂ ਦਾ ਧੂੰਆਂ ਅਤੇ ਅੰਦਰ ਲੱਗੇ ਏਸੀ ਤਪਸ਼ ਵਿਚ ਵਾਧਾ ਕਰਦੇ ਹਨ। ਹੁਣ ਬਹੁਤ ਸਾਰੇ ਘਰਾਂ, ਦਫਤਰਾਂ, ਦੁਕਾਨਾਂ ਫੈਕਟਰੀਆਂ ਆਦਿ ਵਿਚ ਏਸੀ ਲਗ ਗਏ ਹਨ। ਫਰਿਜ ਦੀ ਹਰੇਕ ਘਰ ਵਿਚ ਹੈ। ਇਹ ਅੰਦਰ ਤਾਂ ਠੰਡਾ ਕਰਦੇ ਹਨ ਪਰ ਬਾਹਰ ਗਰਮ ਹਵਾ ਕੱਢਦੇ ਹਨ। ਧੂੰਆਂ ਛੱਡਣ ਵਾਲੇ ਕਾਰਖਾਨੇ ਵੀ ਆਪਣਾ ਯੋਗਦਾਨ ਪਾਉਂਦੇ ਹਨ। ਰੁੱਖ ਸਾਡੀ ਧਰਤੀ ਉੱਤੇ ਛੱਤਰੀ ਦਾ ਕੰਮ ਕਰਦੇ ਹਨ ਤੇ ਤਪਸ਼ ਨੂੰ ਧਰਤੀ ਤੱਕ ਪਹੁੰਚਣ ਤੋਂ ਰੋਕਦੇ ਹਨ। ਪਰ ਅਸੀਂ ਬੇਰਹਿਮੀ ਨਾਲ ਰੁੱਖਾਂ ਦਾ ਕਤਲ ਕੀਤਾ ਹੈ। ਪੰਜਾਬ ਵਿਚ ਜੰਗਲ ਤਾਂ ਹੈ ਹੀ ਨਹੀਂ, ਰੁੱਖ ਵੀ ਟਾਵਾਂ ਟਾਵਾਂ ਨਜ਼ਰ ਆਉਂਦਾ ਹੈ। ਸੂਬੇ ਵਿਚ ਹੋਈ ਮੁਰੱਬੇਬੰਦੀ ਨਾਲ ਸੜਕਾਂ ਸਿੱਧੀਆਂ ਹੋਈਆਂ, ਕਿਸਾਨਾਂ ਦੀ ਜ਼ਮੀਨ ਇਕ ਥਾਂ ਇਕੱਠੀ ਹੋਈ, ਸਾਂਝੇ ਕੰਮਾਂ ਲਈ ਜ਼ਮੀਨ ਛੱਡੀ ਗਈ। ਪਰ ਖੇਤਾਂ ਦੀ ਅਦਲਾ ਬਦਲੀ ਸਮੇਂ ਕਿਸਾਨਾਂ ਨੇ ਆਪੋ ਆਪਣੇ ਰੁੱਖਾਂ ਨੂੰ ਕੱਟ ਲਿਆ। ਹਰੇਕ ਪਿੰਡ ਦੀ ਝਿੜੀ ਹੁੰਦੀ ਸੀ। ਖਾਲੀ ਥਾਵਾਂ ਉੱਤੇ ਰੁੱਖ ਆਮ ਹੀ ਹੁੰਦੇ ਸਨ। ਸਾਡੇ ਪਿੰਡਾਂ ਵਿਚ ਢੱਕ ਕੇ ਰੁੱਖ ਖਾਲਿਆਂ ਦੇ ਨਾਲ ਆਮ ਹੀ ਹੁੰਦੇ ਸਨ। ਉਨ੍ਹਾਂ ਦੇ ਖਿੜੇ ਲਾਲ ਫੁੱਲ ਇੰਝ ਜਾਪਦਾ ਸੀ ਜਿਵੇਂ ਸੂਰਜ ਦੀ ਲਾਲੀ ਧਰਤੀ ਉੱਤੇ ਉਤਰ ਆਈ ਹੋਵੇ। ਸਿੰਚਾਈ ਸਹੂਲਤਾਂ ਵਿਚ ਹੋਏ ਵਾਧੇ ਨਾਲ ਕਿਸਾਨ ਦੀ ਲਾਲਸਾ ਵੱਧ ਤੋਂ ਵੱਧ ਧਰਤੀ ਉੱਤੇ ਖੇਤੀ ਕਰਨ ਦੀ ਹੋ ਗਈ ਤੇ ਸਾਰੇ ਰੁੱਖ ਕੱਟੇ ਗਏ। ਡਾ. ਮਹਿੰਦਰ ਸਿੰਘ ਰੰਧਾਵਾ ਦੀ ਅਗਵਾਈ ਹੇਠ ਸਰਕਾਰ ਨੇ ਸੜਕਾਂ ਕੰਢੇ ਰੁੱਖ ਲਗਾਏ ਪਰ ਸੜਕਾਂ ਨੂੰ ਚੌੜਾ ਕਰਨ ਦੇ ਪ੍ਰੋਗਰਾਮ ਅਧੀਨ ਇਹ ਰੁੱਖ ਵੀ ਕੱਟੇ ਗਏ। ਠੰਡੀਆਂ ਸੜਕਾਂ ਤਪਣ ਲਗ ਪਈਆਂ ਹਨ। ਪੰਜਾਬ ਵਿਚ ਹੁਣ ਵਣ ਮਹਾਂਉਤਸਵ ਮੌਕੇ ਲੱਖਾਂ ਨਵੇਂ ਬੂਟੇ ਲਗਾਏ ਜਾਂਦੇ ਹਨ ਪਰ ਸੂਬੇ ਵਿਚ ਰੁੱਖਾਂ ਦੀ ਗਿਣਤੀ ਘਟ ਰਹੀ ਹੈ। ਇਸ ਨਾਲ ਤਪਸ਼ ਵਿਚ ਹੋਏ ਵਾਧੇ ਕਾਰਨ ਸਰਕਾਰ ਤੇ ਹੋਰ ਬਹੁਤ ਸਾਰੀਆਂ ਸੰਸਥਾਵਾਂ ਵਲੋਂ ਰੁੱਖ ਲਗਾਉਣ ਦੀ ਮੁਹਿੰਮ ਸ਼ੁਰੂ ਕੀਤੀ ਗਈ ਹੈ। ਇਕ ਦੂਜੇ ਦੇ ਮੁਕਾਬਲੇ ਵਧ ਤੋਂ ਵਧ ਰੁੱਖ ਲਗਾਉਣ ਦੇ ਦਾਅਵੇ ਕੀਤੇ ਜਾ ਰਹੇ ਹਨ। ਜੂਨ ਵਿਚ ਅੰਤਰਰਾਸ਼ਟਰੀ ਵਾਤਾਵਰਣ ਦਿਵਸ ਮੌਕੇ ਲੱਖਾਂ ਬੂਟੇ ਲਗਾਏ ਗਏ। ਇਤਨੀ ਗਰਮੀ ਸੀ ਸ਼ਾਇਦ ਹੀ ਕੋਈ ਜਿਉਂਦਾ ਰਿਹਾ ਹੋਵੇਗਾ। ਹੁਣ ਵੀ ਹਰ ਪਾਸੇ ਵਾਤਾਵਰਣ ਪ੍ਰੇਮੀ ਬੂਟੇ ਚੁੱਕੀ ਨਜ਼ਰ ਆ ਰਹੇ ਹਨ। ਉਹ ਜਿਥੇ ਦੀ ਖਾਲੀ ਥਾਂ ਵੇਖਦੇ ਹਨ ਅਤੇ ਜਿਹੜਾ ਵੀ ਬੂਟਾ ਮਿਲ ਜਾਵੇ ਖੁਰਪੇ ਨਾਲ ਛੋਟਾ ਜਿਹਾ ਟੋਇਆ ਪੁੱਟ ਕੇ ਗੱਡ ਦਿੰਦੇ ਹਨ। ਕਈ ਤਾਂ ਪਾਣੀ ਪਾਉਣ ਦਾ ਵੀ ਕਸ਼ਟ ਨਹੀਂ ਕਰਦੇ। ਕੀ ਇਹ ਬੂਟੇ ਰੁੱਖ ਬਣ ਸਕਣਗੇ ? ਇਸ ਪ੍ਰਸ਼ਨ ਬਹੁਤ ਗੰਭੀਰ ਹੈ। ਜਦੋਂ ਤੱਕ ਬੂਟਿਆਂ ਦੀ ਚੋਣ, ਲਗਾਉਣ ਦਾ ਢੰਗ ਅਤੇ ਦੇਖਭਾਲ ਸਹੀ ਢੰਗ ਨਾਲ ਨਹੀਂ ਕੀਤੀ ਜਾਂਦੀ ਇਸ ਮੁਹਿੰਮ ਦਾ ਸਫਲ ਹੋਣਾ ਸ਼ਕ ਦੇ ਘੇਰੇ ਵਿਚ ਆ ਜਾਂਦਾ ਹੈ।

ਇੱਥੇ ਪਾਠਕਾਂ ਨਾਲ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਲੋਂ ਡਾ. ਸਤਿਬੀਰ ਸਿੰਘ ਗੋਸਲ ਵਾਈਸ ਚਾਂਸਲਰ ਦੀ ਅਗਵਾਈ ਹੇਠ ਰੁੱਖ ਲਗਾਉਣ ਦੀ ਯੋਜਨਾ ਬਾਰੇ ਦੱਸਣਾ ਜ਼ਰੂਰੀ ਹੋ ਜਾਂਦਾ ਹੈ ਜਿਸ ਅਧੀਨ ਬੂਟਿਆਂ ਦੀ ਸਫਲਤਾ ਯਕੀਨੀ ਹੋ ਜਾਵੇਗੀ। ਪੀ ਏ ਯੂ ਦਾ ਇਹ ਮਾਡਲ ਸਾਰੇ ਵਾਤਾਵਰਣ ਪ੍ਰੇਮੀਆਂ ਨੂੰ ਆਪਣੇ ਮਿਸ਼ਨ ਦੀ ਸਫਲਤਾ ਲਈ ਅਪਨਾਉਣਾ ਚਾਹੀਦਾ ਹੈ। ਇਹ ਫੈਸਲਾ ਕੀਤਾ ਗਿਆ ਕਿ ਜਿਹੜਾ ਵੀ ਵਿਦਿਆਰਥੀ ਇਸ ਯੂਨੀਵਰਸਿਟੀ ਵਿਚ ਦਾਖਲਾ ਲਵੇਗਾ ਉਹ ਇਕ ਰੁੱਖ ਲਗਾਵੇਗਾ। ਜਿਤਨਾ ਸਮਾਂ ਉਹ ਇਥੇ ਰਹੇਗਾ ਉਸ ਰੱਖ ਦੀ ਦੇਖਭਾਲ ਦੀ ਜ਼ੁੰਮੇਵਾਰੀ ਉਸੇ ਵਿਦਿਆਰਥੀ ਦੀ ਹੋਵੇਗੀ। ਸਮੇਂ ਸਿਰ ਪਾਣੀ ਦੇਣਾ, ਨਦੀਨਾਂ ਦੀ ਰੋਕਥਾਮ, ਕਿਸੇ ਕੀੜੇ ਜਾਂ ਬਿਮਾਰੀ ਦੇ ਹਮਲੇ ਸਮੇਂ ਸੰਬੰਧਿਤ ਵਿਭਾਗ ਦੀ ਸਹਾਇਤਾ ਨਾਲ ਰੋਕਥਾਮ ਉਹ ਹੀ ਕਰੇਗਾ। ਹਰੇਕ ਵਿਦਿਆਰਥੀ ਨੇ ਘਟੋ ਘਟ ਚਾਰ ਸਾਲ ਤਾਂ ਯੂਨੀਵਰਸਿਟੀ ਵਿਚ ਰਹਿਣਾ ਹੀ ਹੁੰਦਾ ਹੈ। ਇੰਝ ਇਹ ਰੁੱਖ ਤਿਆਰ ਹੋ ਜਾਣਗੇ। ਕਿਹੜਾ ਰੁੱਖ ਕਿੱਥੇ ਲਗਾਉਣਾ ਹੈ। ਇਸ ਦੇ ਫੈਸਲਾ ਯੂਨੀਵਰਸਿਟੀ ਦੇ ਸੰਬੰਧਿਤ ਵਿਭਾਗ ਕਰਨਗੇ। ਟੋਏ ਪੁੱਟਣੇ ਅਤੇ ਮੁੜ ਉਨ੍ਹਾਂ ਨੂੰ ਭਰਨ ਦਾ ਕੰਮ ਵੀ ਵਿਭਾਗ ਹੀ ਕਰਨਗੇ ਪਰ ਬੂਟਾ ਵਿਦਿਆਰਥੀ ਆਪ ਆਪਣੇ ਹੱਥਾਂ ਨਾਲ ਲਗਾਵੇਗਾ। ਹਰੇਕ ਰੁੱਖ ਉੱਤੇ ਬੈਰੀਕੇਡ ਲਗਾਇਆ ਜਾਵੇਗਾ ਜਿਸ ਵਿਚ ਰੁੱਖ ਦਾ ਪੂਰਾ ਵੇਰਵਾ ਹੋਵੇਗਾ। ਪੜ੍ਹਾਈ ਖਤਮ ਕਰਕੇ ਜਦੋਂ ਵਿਦਿਆਰਥੀ ਜਾਵੇਗਾ ਤਾਂ ਯੂਨੀਵਰਸਿਟੀ ਵਲੋਂ ਉਨ੍ਹਾਂ ਨੂੰ ਪ੍ਰਸ਼ੰਸਾ ਪੱਤਰ ਵੀ ਦਿੱਤਾ ਜਾਵੇਗਾ। ਇਸ ਨਾਲ ਬੂਟਿਆਂ ਦੀ ਸਫਲਤਾ ਯਕੀਨੀ ਹੋ ਜਾਵੇਗੀ ਉੱਥੇ ਵਿਦਿਆਰਥੀਆਂ ਨੂੰ ਵੀ ਰੁੱਖਾਂ ਨਾਲ ਪਿਆਰ ਹੋ ਜਾਵੇਗਾ ਅਤੇ ਉਹ ਜਿੱਥੇ ਵੀ ਹੋਣਗੇ ਰੁੱਖ ਲਗਾਉਣ ਅਤੇ ਉਨ੍ਹਾਂ ਦੀ ਦੇਖਭਾਲ ਦਾ ਕੰਮ ਜਾਰੀ ਰੱਖਣਗੇ। ਯੂਨੀਵਰਸਿਟੀ ਵਲੋਂ ਇਹ ਵੀ ਫੈਸਲਾ ਕੀਤਾ ਗਿਆ ਹੈ ਕਿ ਅਲੋਪ ਹੋ ਰਹੇ ਰਿਵਾਇਤੀ ਰੁੱਖਾਂ ਦੀ ਝਿੜੀਆਂ ਲਗਾਈਆਂ ਜਾਣਗੀਆਂ ਤਾਂ ਜੋ ਪੰਜਾਬ ਦੇ ਇਸ ਅਮੀਰ ਵਿਰਸੇ ਨੂੰ ਸੰਭਾਲਿਆ ਜਾ ਸਕੇ। ਹੁਣ ਵੀ ਯੂਨੀਵਰਸਿਟੀ ਵਿਚ ਰੁੱਖਾਂ ਦੀ ਹੋਂਦ ਕਾਰਨ ਇਥੇ ਤਾਪਮਾਨ ਬਾਹਰ ਨਾਲੋਂ ਦੋ ਡਿਗਰੀ ਘਟ ਹੀ ਹੁੰਦਾ ਹੈ। ਕਈ ਅੱਧੀ ਸਦੀ ਪਹਿਲਾਂ ਉਦੋਂ ਦੇ ਵਾਈਸ ਚਾਂਸਲਰ ਡਾ. ਮਹਿੰਦਰ ਸਿੰਘ ਰੰਧਾਵਾ ਨੇ ਯੂਨੀਵਰਸਿਟੀ ਦੀਆਂ ਸੜਕਾਂ ਨੂੰ ਯੋਜਨਾਬੱਧ ਢੰਗ ਨਾਲ ਰੁੱਖਾਂ ਨਾਲ ਸ਼ਿੰਗਾਰਿਆ ਸੀ। ਹਰੇਕ ਘਰ ਵਿਚ ਘੱਟੋ ਘੱਟ ਦੋ ਫਲਦਾਰ ਬੂਟੇ ਜਿਨ੍ਹਾਂ ਵਿਚ ਅੰਬ, ਨਿੰਬੂ, ਅੰਗੂਰ, ਕਿੰਨੂ ਆਦਿ ਸ਼ਾਮਿਲ ਹਨ, ਲਗਾਏ ਸੀ ਇਨ੍ਹਾਂ ਵਿਚ ਬਹੁਤੇ ਹੁਣ ਵੀ ਫਲ ਦਿੰਦੇ ਹਨ। ਚੰਡੀਗੜ੍ਹ ਤੇ ਪੰਜਾਬ ਦੀਆਂ ਸੜਕਾਂ ਨੂੰ ਰੁੱਖਾਂ ਨਾਲ ਉਨ੍ਹਾਂ ਦੀ ਅਗਵਾਈ ਹੇਠ ਹੀ ਸ਼ਿੰਗਾਰਿਆ ਗਿਆ ਸੀ। ਯੂਨੀਵਰਸਿਟੀ ਨੇ ਆਪਣੇ ਸੱਠ ਸਾਲ ਪੂਰੇ ਕਰ ਲਏ ਹਨ। ਪੰਜਾਬ ਸਰਕਾਰ ਦੀ ਸਹਾਇਤਾ ਨਾਲ ਇਸ ਨੂੰ ਮੁੜ ਸ਼ਿੰਗਾਰਨ ਦਾ ਕਾਰਜ ਪੂਰੇ ਜ਼ੋਰ ਨਾਲ ਚਲ ਰਿਹਾ ਹੈ। ਪੰਜਾਬ ਦੀ ਖੇਤੀ ਵਿਚ ਜਿੱਥੇ ਇਸ ਯੂਨੀਵਰਸਿਟੀ ਦੀ ਅਹਿਮ ਭੂਮਿਕਾ ਉੱਥੇ ਇਸ ਦੇ ਰੁੱਖ, ਫਲ ਬੂਟੇ ਆਪਣੇ ਵਿਚ ਵਿਲੱਖਣਤਾ ਪੇਸ਼ ਕਰਦੇ ਹਨ। ਸੂਬੇ ਦੀਆਂ ਸਾਰੀਆਂ ਸੰਸਥਾਵਾਂ ਨੂੰ ਪੀ ਏ ਯੂ ਮਾਡਲ ਅਪਨਾਉਣਾ ਚਾਹੀਦਾ ਹੈ ਤਾਂ ਜੋ ਸਹੀ ਅਰਥਾਂ ਵਿਚ ਪੰਜਾਬ ਨੂੰ ਹਰਿਆ ਭਰਿਆ ਬਣਾਇਆ ਜਾ ਸਕੇ। ਜੇਕਰ ਅਜਿਹਾ ਨਾ ਕੀਤਾ ਗਿਆ ਤਾਂ ਯਤਨ ਕੇਵਲ ਵਿਖਾਵਾ ਬਣ ਕੇ ਰਹਿ ਜਾਣਗੇ।



ਪੰਜਾਬ ਦੇ ਵਾਤਾਵਰਣ ਦੀ ਸੰਭਾਲ, ਧਰਤੀ ਹੇਠ ਘਟ ਰਹੇ ਪਾਣੀ ਨੂੰ ਬਚਾਉਣ ਅਤੇ ਆਮਦਨ ਵਿਚ ਵਾਧੇ ਨਹੀ ਰੁੱਖ ਲਗਾਉਣ ਵਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਬਰਸਾਤ ਦਾ ਮੌਸਮ (ਜੁਲਾਈ-ਅਗਸਤ) ਸਦਾ ਬਹਾਰ ਰੁੱਖ ਲਗਾਉਣ ਲਈ ਬਹੁਤ ਢੁੱਕਵਾਂ ਹੈ। ਇਨ੍ਹਾਂ ਦੋ ਮਹੀਨਿਆਂ ਵਿਚ ਪੰਜਾਬ ਵਿਚ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ ਪਰ ਇਸ ਦੇ ਨਾਲ ਹੀ ਰੁੱਖਾਂ ਦੀ ਸਾਂਭ ਸੰਭਾਲ ਵੀ ਜ਼ਰੂਰੀ ਹੈ। ਹਰੇਕ ਕਿਸਾਨ ਨੂੰ ਇਸ ਵਾਰ ਪੰਜ ਰੁੱਖਾਂ ਦਾ ਟੀਚਾ ਮਿੱਥਣਾ ਚਾਹੀਦਾ ਹੈ।



ਪੰਜਾਬ ਦੇ ਵਾਤਾਵਰਣ ਦੀ ਸੰਭਾਲ, ਧਰਤੀ ਹੇਠ ਘਟ ਰਹੇ ਪਾਣੀ ਨੂੰ ਬਚਾਉਣ ਅਤੇ ਆਮਦਨ ਵਿਚ ਵਾਧੇ ਨਹੀ ਰੁੱਖ ਲਗਾਉਣ ਵਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਬਰਸਾਤ ਦਾ ਮੌਸਮ (ਜੁਲਾਈ-ਅਗਸਤ) ਸਦਾ ਬਹਾਰ ਰੁੱਖ ਲਗਾਉਣ ਲਈ ਬਹੁਤ ਢੁੱਕਵਾਂ ਹੈ। ਇਨ੍ਹਾਂ ਦੋ ਮਹੀਨਿਆਂ ਵਿਚ ਪੰਜਾਬ ਵਿਚ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ ਪਰ ਇਸ ਦੇ ਨਾਲ ਹੀ ਰੁੱਖਾਂ ਦੀ ਸਾਂਭ ਸੰਭਾਲ ਵੀ ਜ਼ਰੂਰੀ ਹੈ। ਹਰੇਕ ਕਿਸਾਨ ਨੂੰ ਇਸ ਵਾਰ ਪੰਜ ਰੁੱਖਾਂ ਦਾ ਟੀਚਾ ਮਿੱਥਣਾ ਚਾਹੀਦਾ ਹੈ। ਉਸ ਦੀ ਆਪਣੀ ਬੰਬੀ ਉੱਤੇ ਜਾਂ ਖੇਤ ਦੇ ਬੰਨਿਆਂ ਉੱਤੇ ਘਟੋ ਘੱਟ ਪੰਜ ਰੁੱਖ ਜ਼ਰੂਰ ਲਗਾਉਣੇ ਚਾਹੀਦੇ ਹਨ। ਪੰਜਾਬ ਵਿਚ ਲੱਕੜ ਦੀ ਘਾਟ ਹੈ। ਲੱਕੜ ਵੇਚ ਕੇ ਪੈਸੇ ਵੀ ਕਮਾਏ ਜਾ ਸਕਦੇ ਹਨ। ਸਾਡੀਆਂ ਪੰਚਾਇਤਾਂ ਇਸ ਪਾਸੇ ਅਹਿਮ ਭੂਮਿਕਾ ਨਿਭਾ ਸਕਦੀਆਂ ਹਨ। ਕੁਝ ਥਾਵੀਂ ਪੰਚਾਇਤਾਂ ਦੇ ਸਹਿਯੋਗ ਨਾਲ ਅਜੇਹੇ ਤਜਰਬੇ ਕੀਤੇ ਗਏ ਹਨ ਜਿਹੜੇ ਚੋਖੇ ਸਫਲ ਹੋਏ ਹਨ। ਖਡੂਰ ਸਾਹਿਬ ਵਾਲੇ ਬਾਬਾ ਸੇਵਾ ਸਿੰਘ ਹੋਰਾਂ ਖਡੂਰ ਸਾਹਿਬ ਨੂੰ ਜਾਂਦੀਆਂ ਸਾਰੀਆਂ ਸੜਕਾਂ ਨੂੰ ਰੁੱਖਾਂ ਨਾਲ ਸ਼ਿੰਗਾਰ ਦਿੱਤਾ ਹੈ। ਪੰਜਾਬ ਦੇ ਮਹਾਂਪੁਰਖਾਂ ਨੂੰ ਚਾਹੀਦਾ ਹੈ ਕਿ ਉਹ ਵੀ ਇਸ ਪਾਸੇ ਆਪਣਾ ਯੋਗਦਾਨ ਪਾਉਣ। ਇਹ ਦੋ ਮਹੀਨੇ ਸੰਗਤਾਂ ਨੂੰ ਬੂਟਿਆਂ ਦਾ ਪ੍ਰਸ਼ਾਦ ਦਿੱਤਾ ਜਾਵੇ ਅਤੇ ਸੰਗਤ ਨੂੰ ਇਨ੍ਹਾਂ ਬੂਟਿਆਂ ਦੀ ਬੱਚਿਆਂ ਵਾਂਗ ਦੇਖਭਾਲ ਦਾ ਆਦੇਸ਼ ਵੀ ਦੇਣ। ਆਪ ਵੀ ਸਮੇਂ ਸਮੇਂ ਪਿੰਡਾਂ ਵਿਚ ਜਾ ਕੇ ਇਸ ਮੁਹਿੰਮ ਦੀ ਅਗਵਾਈ ਕੀਤੀ ਜਾਵੇ।

ਕਿਸਾਨ ਵਲੋਂ ਵਣ ਖੇਤੀ ਬਾਰੇ ਵੀ ਸੋਚਣਾ ਚਾਹੀਦਾ ਹੈ। ਧਰਤੀ ਹੇਠਲੇ ਪਾਣੀ ਵਿਚ ਆ ਰਹੀ ਗਿਰਾਵਟ ਨੂੰ ਵੇਖਦਿਆਂ ਹੋਇਆ ਵੀ ਪੰਜਾਬ ਵਿਚ ਵਣ ਖੇਤੀ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ। ਕੁਝ ਰਕਬੇ ਵਿਚ ਵਣ ਖੇਤੀ ਜ਼ਰੂਰ ਕਰਨੀ ਚਾਹੀਦੀ ਹੈ। ਮੁੱਢਲੇ ਤਿੰਨ ਸਾਲ ਇਨ੍ਹਾਂ ਵਿਚਕਾਰ ਫਸਲਾਂ ਦੀ ਕਾਸ਼ਤ ਵੀ ਕੀਤੀ ਜਾ ਸਕਦੀ ਹੈ। ਮਾਹਿਰਾਂ ਦੇ ਅੰਦਾਜ਼ੇ ਅਨੁਸਾਰ ਵਣ ਖੇਤੀ ਰਾਹੀਂ ਫਸਲਾਂ ਨਾਲੋਂ ਵੱਧ ਆਮਦਨ ਹੋ ਜਾਂਦੀ ਹੈ। ਇਸ ਨਾਲ ਪਾਣੀ ਦੀ ਬਚਤ ਹੁੰਦੀ ਹੈ ਅਤੇ ਖੇਚਲ ਵੀ ਬਹੁਤ ਘੱਟ ਹੈ। ਰਸਾਇਣਾਂ ਦੀ ਵੀ ਨਾ ਮਾਤਰ ਹੀ ਲੋੜ ਪੈਂਦੀ ਹੈ। ਜੇਕਰ ਵਣ ਖੇਤੀ ਕਰਨੀ ਹੈ ਤਾਂ ਟੋਏ ਪੁੱਟ ਲਵੋ। ਇਕ ਮੀਟਰ ਘੇਰਾ ਤੇ ਇਕ ਮੀਟਰ ਹੀ ਡੂੰਘਾ ਟੋਇਆ ਪੁੱਟਿਆ ਜਾਵੇ।

ਜੇਕਰ ਕਿੱਕਰ, ਡੇਕ ਤੇ ਨਿੰਮ ਦੇ ਬੂਟੇ ਲਗਾਉਣੇ ਹਨ ਤਾਂ ਕਤਾਰਾਂ ਅਤੇ ਰੁੱਖਾਂ ਵਿਚਕਾਰ ਤਿੰਨ ਮੀਟਰ ਦਾ ਫਾਸਲਾ ਰੱਖਿਆ ਜਾਵੇ। ਜੇਕਰ ਬੂਟਿਆਂ ਨੂੰ ਵੱਟਾਂ ਉੱਤੇ ਲਗਾਉਣਾ ਹੈ ਤਾਂ ਬੂਟਿਆਂ ਵਿਚਕਾਰ ਤਿੰਨ ਮੀਟਰ ਦਾ ਫਾਸਲਾ ਰੱਖਣਾ ਚਾਹੀਦਾ ਹੈ। ਟਾਹਲੀ ਲਈ 2x2 ਮੀਟਰ ਦਾ ਫਾਸਲਾ ਰੱਖੋ। ਸਾਗਵਾਨ ਦੇ ਬੂਟੇ 2x2 ਮੀਟਰ ਉੱਤੇ ਲਗਾਏ ਜਾਣ। ਇਨ੍ਹਾਂ ਰੁੱਖਾਂ ਦੇ ਨਾਲ ਕੁਝ ਸਜਾਵਟੀ ਰੁੱਖ ਵੀ ਲਗਾਏ ਜਾ ਸਕਦੇ ਹਨ। ਗੁਲਮੋਹਰ, ਰਾਤ ਦੀ ਰਾਣੀ, ਚਾਂਦਨੀ, ਰਾਹਫੀਮੀਆ, ਮੋਤੀਆ, ਸਾਵਨੀ, ਕਨੇਰ, ਹਾਰ ਸ਼ਿੰਗਾਰ ਸਜਾਵਟੀ ਬੂਟੇ ਹਨ। ਇਸ ਵਾਰ ਪੰਜਾਬ ਵਿਚ 'ਰੁੱਖ ਲਗਾਵੋ' ਮੁਹਿੰਮ ਸਹੀ ਅਰਥਾਂ ਵਿਚ ਸ਼ੁਰੂ ਕਰਨੀ ਚਾਹੀਦੀ ਹੈ।

## ਪਿੰਡ ਠੁੱਲੇਵਾਲ ਦੇ ਪਿਤਾ-ਪੁੱਤਰ ਨੇ ਪੇਸ਼ ਕੀਤੀ ਮਿਸਾਲ, ਦੂਜਿਆਂ ਲਈ ਬਣੇ ਪ੍ਰੇਰਣਾ ਸ੍ਰੋਤ

# ਇੱਕ ਏਕੜ 'ਚ ਇੱਕ ਵਾਰ 5-6 ਲੱਖ ਲਾਗਤ, ਉਸ ਤੋਂ ਬਾਅਦ ਸਾਲਾਂ-ਬੱਧੀ ਕਮਾਈ

ਬਰਨਾਲਾ ਜ਼ਿਲ੍ਹੇ ਦੇ ਪਿੰਡ ਠੁੱਲੇਵਾਲ ਦੇ ਕਿਸਾਨ ਪਿਤਾ-ਪੁੱਤਰ ਨੇ ਡ੍ਰੈਗਨ ਫਰੂਟ ਦੀ ਖੇਤੀ ਕਰਕੇ ਨਵੀਂ ਮਿਸਾਲ ਕਾਇਮ ਕੀਤੀ। 7 ਸਾਲ ਪਹਿਲਾਂ ਉਹ ਗੁਜਰਾਤ ਤੋਂ ਇੱਕ ਪੌਦਾ ਲੈ ਕੇ ਆਏ ਸਨ। ਹੁਣ ਉਹ 4 ਏਕੜ ਵਿੱਚ ਡ੍ਰੈਗਨ ਫਰੂਟ ਦੀ ਖੇਤੀ ਤੋਂ ਕਾਫੀ ਆਮਦਨੀ ਲੈ ਰਹੇ ਹਨ।

ਸਤਨਾਮ ਸਿੰਘ ਔਲਖ (38 ਸਾਲ) ਅਤੇ ਉਨ੍ਹਾਂ ਦੇ ਪਿਤਾ ਹਰਵੰਤ ਸਿੰਘ (60 ਸਾਲ) ਨੇ ਦੱਸਿਆ ਕਿ 7 ਸਾਲ ਪਹਿਲਾਂ ਉਹ ਗੁਜਰਾਤ ਤੋਂ ਪੌਦਾ ਲੈ ਕੇ ਆਏ ਸਨ। ਉਸ ਤੋਂ ਬਾਅਦ ਉਨ੍ਹਾਂ ਨੇ ਇਸ ਦੀ ਖੇਤੀ-ਖੇਤੀ ਨੂੰ ਹੌਲੀ-ਹੌਲੀ ਵਧਾਇਆ। ਅੱਜ ਸਥਿਤੀ ਇਹ ਹੈ ਕਿ ਉਹ ਇੱਕ ਸਾਲ ਵਿੱਚ ਲਗਭਗ 150 ਕੁਇੰਟਲ ਡ੍ਰੈਗਨ ਫਰੂਟ ਵੇਚ ਦਿੰਦੇ ਹਨ। ਬਾਜ਼ਾਰ ਵਿੱਚ ਇਸ ਦੀ ਮੰਗ ਹਮੇਸ਼ਾਂ ਬਣੀ ਰਹਿੰਦੀ ਹੈ। ਉਹ ਬਰਨਾਲਾ ਤੋਂ ਇਲਾਵਾ ਜਲੰਧਰ, ਪਟਿਆਲਾ, ਬਠਿੰਡਾ, ਲੁਧਿਆਣਾ ਤੱਕ ਫਰੂਟ ਵੇਚਦੇ ਹਨ। ਉਹ ਇਸ ਦੇ ਪੌਦੇ ਵੀ ਵੇਚਦੇ ਹਨ, ਤਾਂਕਿ ਹੋਰ ਕਿਸਾਨ ਵੀ ਇਸ ਦੀ ਖੇਤੀ ਕਰ ਸਕਣ।





ਸਤਨਾਮ ਸਿੰਘ ਦੇ ਅਨੁਸਾਰ ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਇਹ ਖੇਤੀ ਕਰਨ ਲਈ ਸਨਮਾਨਿਤ ਵੀ ਕੀਤਾ ਹੈ। ਉਨ੍ਹਾਂ ਅਨੁਸਾਰ ਸਰਕਾਰ ਜੇਕਰ ਬਾਗਬਾਨੀ 'ਤੇ ਧਿਆਨ ਦੇਵੇ ਤਾਂ ਕਿਸਾਨ ਕਣਕ ਅਤੇ ਝੋਨੇ ਦੇ ਚੱਕਰ ਤੋਂ ਨਿਕਲ ਕੇ ਅਮੀਰ ਅਤੇ ਖੁਸ਼ਹਾਲ ਹੋ ਸਕਦੇ ਹਨ। ਉਹ ਬਹੁਤ ਸਾਰੇ ਕਿਸਾਨਾਂ ਨੂੰ ਇਸ ਦੀ ਖੇਤੀ ਕਰਨ ਲਈ ਉਤਸ਼ਾਹਿਤ ਕਰ ਰਹੇ ਹਨ। ਬਹੁਤ ਸਾਰੇ ਕਿਸਾਨ ਇਸ ਨੂੰ ਸ਼ੁਰੂ ਵੀ ਕਰ ਰਹੇ ਹਨ।

### 1 ਏਕੜ ਵਿੱਚ 2000 ਪੌਦੇ, ਡੇਢ ਸਾਲ ਬਾਅਦ ਮਿਲਦਾ ਹੈ ਫਲ

ਇਹ ਖੇਤੀ ਇੱਕ ਵਾਰ ਦੀ ਇਨਵੈਸਟਮੈਂਟ ਹੈ। ਇੱਕ ਏਕੜ ਵਿੱਚ ਪਹਿਲੀ ਵਾਰ 5-6 ਲੱਖ ਰੁਪਏ ਖਰਚ ਹੁੰਦਾ ਹੈ, ਜਿਸ ਵਿੱਚ ਸੀਮਿੰਟ ਦਾ ਢਾਂਚਾ, ਡ੍ਰਿਪ ਸਿਸਟਮ, ਸਪਰਿੰਕਲ, ਲੇਬਰ, ਪੌਦੇ ਆਦਿ ਸ਼ਾਮਿਲ ਹਨ। ਉਸ ਤੋਂ ਬਾਅਦ ਹਰ ਸਾਲ ਇੱਕ ਲੱਖ ਰੁਪਏ ਦਾ ਖਰਚ ਹੁੰਦਾ ਹੈ। ਪੌਦਾ ਲਗਾਉਣ ਲਈ ਜ਼ਮੀਨ ਵਿੱਚ 4 ਫੁੱਟ ਉੱਚਾ ਸੀਮਿੰਟ ਅਤੇ ਲੋਹੇ ਤੋਂ ਬਣਿਆ ਪਿੱਲਰ ਫਿਕਸ ਕਰਨਾ ਪੈਂਦਾ ਹੈ। ਉਸਦੇ ਉਪਰ ਸੀਮਿੰਟ ਅਤੇ ਲੋਹੇ ਤੋਂ ਬਣਿਆ ਇੱਕ ਗੋਲ ਚੱਕਰ ਲੱਗਦਾ ਹੈ, ਜਿਸਦੀ ਸਪੋਰਟ ਨਾਲ ਇਹ ਪੌਦਾ ਖੜ੍ਹਾ ਰਹਿੰਦਾ ਹੈ। ਅਜਿਹੇ 500 ਢਾਂਚੇ ਇੱਕ ਏਕੜ ਵਿੱਚ ਬਣਾਉਣੇ ਪੈਂਦੇ ਹਨ। ਇਸ ਪੌਦੇ ਲਈ ਮਿੱਟੀ ਜ਼ਿਆਦਾ ਰੇਤੀਲੀ ਨਾ ਹੋਵੇ। ਇਹ ਪੌਦਾ ਇੱਕ ਲਾਈਨ ਵਿੱਚ ਲੱਗਦਾ ਹੈ। ਇੱਕ ਵਾਰ ਲਗਾਇਆ ਪੌਦਾ 10-15 ਸਾਲ ਚੱਲਦਾ ਹੈ। ਇੱਕ ਏਕੜ ਵਿੱਚ ਕਰੀਬ 2000 ਪੌਦੇ ਲੱਗਦੇ ਹਨ, ਜਿਨ੍ਹਾਂ 'ਤੇ ਡੇਢ ਸਾਲ ਬਾਅਦ ਫਲ ਲੱਗਣਾ ਸ਼ੁਰੂ ਹੋ ਜਾਂਦਾ ਹੈ। ਇੱਕ ਤੋਂ ਦੂਜੇ ਪੌਦੇ ਵਿੱਚ ਦੋਵਾਂ ਪਾਸਿਆਂ ਤੋਂ 3 ਫੁੱਟ ਦੂਰੀ ਹੋਵੇਗੀ। ਇਸ ਵਿੱਚ ਪਾਣੀ ਵੀ ਬਹੁਤ ਘੱਟ ਲੱਗਦਾ ਹੈ। ਇੱਕ ਏਕੜ ਵਿੱਚ ਸਾਲ ਵਿੱਚ ਲਗਭਗ 40 ਕੁਇੰਟਲ ਫਲ ਨਿਕਲਦਾ ਹੈ ਅਤੇ ਲਗਭਗ 150 ਰੁਪਏ ਪ੍ਰਤੀ ਕਿਲੋ ਦੇ ਥੋਕ ਭਾਅ ਵਿੱਚ ਵਿਕਦਾ ਹੈ। ਰਿਟੇਲ ਵਿੱਚ ਕੀਮਤ ਹੋਰ ਜ਼ਿਆਦਾ ਹੈ। ਇਨ੍ਹਾਂ ਪੌਦਿਆਂ ਦੇ ਸਾਈਡ ਇਫੈਕਟ ਵਿੱਚ ਜੋ ਜਗ੍ਹਾ ਬਚ ਜਾਂਦੀ ਹੈ, ਉੱਥੇ ਮੱਕੀ, ਸਰ੍ਹੋਂ ਤੋਂ ਮੁਨਾਫਾ ਦੁੱਗਣਾ ਕੀਤਾ ਜਾ ਸਕਦਾ ਹੈ।



# ਅਮਰੂਦ ਖਾਓ, ਸਿਹਤ ਬਣਾਓ ਅਤੇ ਬਿਮਾਰੀਆਂ ਭਜਾਓ



**ਡਾ. ਸਵਰਨ ਸਿੰਘ ਮਾਨ,**
ਸਾਬਕਾ ਉਪ ਡਾਇਰੈਕਟਰ, ਬਾਗਬਾਨੀ ਪਟਿਆਲਾ ਕਮ ਸਾਬਕਾ ਨੋਡਲ ਅਫਸਰ ਅਮਰੂਦ ਪੰਜਾਬ
(ਮੋ.75080-18903)

ਅਮਰੂਦਾਂ ਦੇ ਫਲ ਨੂੰ ਗਰੀਬਾਂ ਦਾ ਸੇਬ ਕਿਹਾ ਜਾਂਦਾ ਹੈ। ਯੂਰਪੀਨ ਕਹਾਵਤ ਅਨੁਸਾਰ, "An apple in a day keeps the doctor away", ਪਰ ਭਾਰਤ ਵਿੱਚ ਕਿਹਾ ਜਾਂਦਾ ਹੈ ਕਿ, "A few guavas in the season, keep the doctor away the whole year." ਅਮਰੂਦ ਦਾ ਫਲ ਖਾਣ ਤੋਂ ਇਲਾਵਾ ਇਸ ਤੋਂ ਜੈਮ, ਜੂਸ, ਜੈਂਦਰ, ਨੈਕਟਰ ਆਦਿ ਆਸਾਨੀ ਨਾਲ ਬਣਾਏ ਜਾ ਸਕਦੇ ਹਨ।

ਪੰਜਾਬ ਵਿਚ ਅਮਰੂਦਾਂ ਦੇ ਫਲ ਦਾ ਰਕਬਾ ਨਿੰਬੂ ਜਾਤੀ (ਸਿਟਰਸ) ਤੋਂ ਬਾਅਦ ਦੂਜੇ ਨੰਬਰ ਤੇ ਹੈ। ਪੰਜਾਬ ਵਿੱਚ ਅਮਰੂਦਾਂ ਅਧੀਨ ਰਕਬਾ ਸਭ ਤੋਂ ਵੱਧ ਪਟਿਆਲਾ ਜ਼ਿਲ੍ਹੇ ਵਿਚ ਹੈ, ਇਸ ਤੋਂ

ਸਾਰਣੀ-1 : ਮਾਤਰਾ ਪ੍ਰਤੀ 100 ਗ੍ਰਾਮ

| ਲ.ਨੰ. | ਤੱਤ | ਸੇਬ | ਅਮਰੂਦ |
|---|---|---|---|
| 1. | ਪੋਟਾਸ਼ੀਅਮ | 107 ਮਿਲੀਗ੍ਰਾਮ | 417 ਮਿਲੀਗ੍ਰਾਮ |
| 2. | ਫਾਸਫੋਰਸ | 11 ਮਿਲੀਗ੍ਰਾਮ | 40 ਮਿਲੀਗ੍ਰਾਮ |
| 3. | ਮੈਗਨੀਸ਼ੀਅਮ | 5 ਮਿਲੀਗ੍ਰਾਮ | 22 ਮਿਲੀਗ੍ਰਾਮ |
| 4. | ਵਿਟਾਮਿਨ ਸੀ | 4.6 ਮਿਲੀਗ੍ਰਾਮ | 228.3 ਮਿਲੀਗ੍ਰਾਮ |
| 5. | ਫਾਈਬਰ | 2.4 ਗ੍ਰਾਮ | 5.4 ਗ੍ਰਾਮ |
| 6. | ਵਿਟਾਮਿਨ ਈ | 0.18 ਮਿਲੀਗ੍ਰਾਮ | 0.73 ਮਿਲੀਗ੍ਰਾਮ |
| 7. | ਵਿਟਾਮਿਨ ਏ | 54 ਆਈ ਯੂ | 624 ਆਈ ਯੂ |
| 8. | ਵਿਟਾਮਿਨ ਬੀ3 | 0.09 ਮਿਲੀਗ੍ਰਾਮ | 1.084 ਮਿਲੀਗ੍ਰਾਮ |

ਬਿਨਾਂ ਲੁਧਿਆਣਾ, ਸੰਗਰੂਰ, ਸ੍ਰੀ ਮੁਕਤਸਰ ਸਾਹਿਬ, ਜਲੰਧਰ, ਬਠਿੰਡਾ ਅਤੇ ਰੋਪੜ ਜ਼ਿਲ੍ਹਿਆਂ ਵਿਚ ਵੀ ਕਾਸ਼ਤ ਕੀਤੀ ਜਾਂਦੀ ਹੈ। ਇਸ ਨੂੰ ਮੈਦਾਨੀ ਇਲਾਕਿਆਂ ਤੋਂ ਇਲਾਵਾ ਉੱਚੀਆਂ ਪਹਾੜੀਆਂ ਤੱਕ ਵੀ ਉਗਾਇਆ ਜਾ ਸਕਦਾ ਹੈ। ਅਮਰੂਦ ਹਰ ਤਰ੍ਹਾਂ ਦੀ ਮਿੱਟੀ ਵਿਚ ਪੈਦਾ ਕੀਤਾ ਜਾ ਸਕਦਾ ਹੈ। ਇਹ 6.5 pH ਤੋਂ 8.7 pH ਸਹਾਰ ਸਕਦਾ ਹੈ।

ਵਿਗਿਆਨੀਆਂ ਅਨੁਸਾਰ ਅਮਰੂਦ ਦਾ ਫਲ ਸੇਬ ਦੇ ਫਲ ਤੋਂ ਵੀ ਗੁਣਕਾਰੀ ਪਾਇਆ ਗਿਆ ਹੈ। ਪਰ ਆਮ ਲੋਕਾਂ ਨੂੰ ਇਸ ਦੀ ਮਹੱਤਤਾ ਬਾਰੇ ਪੂਰਾ ਗਿਆਨ ਨਹੀਂ ਹੈ ਅਤੇ ਇਸ ਨੂੰ ਦੇਸੀ ਜਿਹਾ ਫਰੂਟ ਸਮਝਿਆ ਜਾਂਦਾ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਅਤੇ ਬਾਗਬਾਨੀ ਵਿਭਾਗ ਪੰਜਾਬ ਵੱਲੋਂ ਅਮਰੂਦ ਦੇ ਫਲ ਦੀ ਮਹੱਤਤਾ ਬਾਰੇ ਜਾਣਕਾਰੀ ਵੱਖ-ਵੱਖ ਮਾਧਿਅਮਾਂ ਰਾਹੀਂ ਮੁਹੱਈਆ ਕੀਤੀ ਜਾ ਰਹੀ ਹੈ। ਪੀ. ਏ. ਯੂ. ਲੁਧਿਆਣਾ ਵੱਲੋਂ ਯੂਨਾਈਟਿਡ ਸਟੇਟਜ਼ ਦੇ ਖੇਤੀਬਾੜੀ ਵਿਭਾਗ ਦੇ ਡਾਟੇ ਇਕੱਠੇ ਕੀਤੇ ਅਤੇ ਦੇਖਿਆ ਗਿਆ ਕਿ ਹੇਠ ਲਿਖੇ ਅਨੁਸਾਰ (ਸਾਰਣੀ-1) ਅਮਰੂਦ ਫਲ ਦੇ ਤੱਤ ਸੇਬ ਦੇ ਫਲ ਤੋਂ ਵੀ ਬਹੁਤ ਜ਼ਿਆਦਾ ਹਨ।


ਇੰਡੀਅਨ ਇੰਸਟੀਚਿਊਟ ਆਫ ਸਬਟਰੋਪੀਕਲ ਹਾਰਟੀਕਲਚਰ, ਰਹਿਮਾਨ ਖੇੜਾ, ਲਖਨਊ (ਉੱਤਰ ਪ੍ਰਦੇਸ਼) ਅਨੁਸਾਰ ਅਮਰੂਦਾਂ ਦਾ ਫਲ ਗੁਣਾਂ ਦੀ ਗੁਥਲੀ ਹੈ ਅਤੇ ਇਸ ਦੇ ਖਾਣ ਨਾਲ ਕਈ ਤਰ੍ਹਾਂ ਦੀਆਂ ਬਿਮਾਰੀਆਂ ਠੀਕ ਹੁੰਦੀਆਂ ਹਨ :

1. ਇਸ ਦੇ ਫਲ ਵਿਚ ਫਾਈਬਰ ਬਹੁਤ ਹੁੰਦੀ ਹੈ, ਇਸ ਲਈ ਕਬਜ਼ ਦੀ ਰੋਕਥਾਮ ਕਰਦਾ ਹੈ।



2. ਜੇਕਰ ਕਿਸੇ ਵਿਅਕਤੀ ਨੂੰ ਠੰਡ ਲੱਗੀ ਹੋਵੇ ਜਾਂ ਖੰਘ ਹੋਵੇ ਤਾਂ ਕੱਚਾ ਅਮਰੂਦ ਖਾਣ ਨਾਲ ਠੀਕ ਹੋ ਜਾਂਦੀ ਹੈ, ਕਿਉਂਕਿ ਇਸ ਵਿਚ ਮੌਜੂਦ ਆਇਰਨ ਅਤੇ ਵਿਟਾਮਿਨ ਸੀ ਠੰਡ ਤੋਂ ਬਚਾਅ ਕਰਦੇ ਹਨ ਅਤੇ ਵਾਇਰਲ ਇੰਨਫੈਕਸ਼ਨ ਦੂਰ ਕਰਦਾ ਹੈ।

3. ਇਹ ਬਲੱਡ ਕੋਲੈਸਟਰੋਲ ਨੂੰ ਘੱਟ ਕਰਦਾ ਹੈ, ਇਸ ਲਈ ਹਾਈ ਬਲੱਡ ਪ੍ਰੈਸ਼ਰ ਦੀ ਰੋਕਥਾਮ ਕਰਦਾ ਹੈ।



4. ਅਮਰੂਦ ਖਾਣ ਨਾਲ ਆਪਣਾ ਭਾਰ ਘਟਾਇਆ ਜਾ ਸਕਦਾ ਹੈ।

5. ਲਗਾਤਾਰ ਅਮਰੂਦ ਖਾਣ ਨਾਲ ਚਿਹਰੇ ਉੱਤੇ ਚਮਕ ਆਉਂਦੀ ਹੈ।

6. ਅਮਰੂਦ ਦੇ ਫਲ ਵਿਚ ਲਾਈਕੋਪੀਨ ਹੁੰਦੀ ਹੈ, ਜਿਸ ਕਰਕੇ ਕੈਂਸਰ ਤੋਂ ਬਚਾਅ ਕੀਤਾ ਜਾ ਸਕਦਾ ਹੈ।

7. ਅਮਰੂਦ ਵਿਚ ਐਂਟੀਏਜਿੰਗ ਗੁਣ ਹੁੰਦੇ ਹਨ ਜਿਸ ਨਾਲ ਬੁਢਾਪਾ ਨੇੜੇ ਨਹੀਂ ਆਉਂਦਾ।

8. ਇਸ ਦਾ ਫਲ ਸ਼ੂਗਰ ਦੇ ਮਰੀਜ਼ਾਂ ਲਈ ਬਹੁਤੇ ਲਾਹੇਵੰਦ ਹੈ ਕਿਉਂਕਿ ਇਹ ਬਲੱਡ ਗੁਲੂਕੋਜ਼ ਲੈਵਲ ਘੱਟ ਕਰਦਾ ਹੈ।

9. ਇਸ ਦੇ ਫਲ ਵਿਚ ਬਹੁਤ ਮਾਤਰਾ ਵਿਚ ਆਇਓਡੀਨ ਨਹੀਂ ਹੁੰਦੀ ਪਰ ਕਾਪਰ ਕਾਫੀ ਮਾਤਰਾ ਵਿਚ ਹੁੰਦਾ ਹੈ। ਕਾਪਰ ਥਾਇਰੋਇਡ ਮੈਟਾਬਾਲਿਜ਼ਮ ਵਿਚ ਬਹੁਤ ਜ਼ਰੂਰੀ ਰੋਲ ਨਿਭਾਉਂਦਾ ਹੈ।

10. ਇਸ ਦੇ ਫਲ ਵਿਚ ਬਹੁਤ ਮਾਤਰਾ ਵਿਚ ਫੋਲੇਟ ਹੁੰਦਾ ਹੈ ਜਿਸ ਕਰਕੇ ਫਰਟੇਲਿਟੀ ਵਧਾਉਂਦਾ ਹੈ।

11. ਅਮਰੂਦ ਫਲ ਵਿਚ ਵਿਟਾਮਿਨ ਬੀ-3 ਅਤੇ ਬੀ-6 ਹੋਣ ਕਰਕੇ ਦਿਮਾਗ ਦੇ ਕੰਮ ਕਰਨ ਦੀ ਸਮਰੱਥਾ ਵਧਾਉਂਦਾ ਹੈ।

12. ਅਮਰੂਦ ਦੇ ਪੱਤੇ ਦੰਦਾਂ ਦੇ ਦਰਦ, ਸੁੱਜੇ ਹੋਏ ਮਸੂੜੇ ਅਤੇ ਮੂੰਹ ਦੇ ਛਾਲਿਆਂ ਨੂੰ ਵੀ ਠੀਕ ਕਰਦੇ ਹਨ।

13. ਇਸ ਦੇ ਫਲ ਔਰਤਾਂ ਵਿਚ ਮੇਨਸੁਰੇਸ਼ਨ ਸਮੇਂ ਨੂੰ ਘੱਟ ਕਰਨ ਦੀ ਸਮਰੱਥਾ ਰੱਖਦਾ ਹੈ।

ਅਮਰੂਦ ਦਾ ਫਲ ਲਗਭਗ ਸਾਰਾ ਸਾਲ ਹੀ ਉਪਲਬਧ ਰਹਿੰਦਾ ਹੈ। ਇਸ ਲਈ ਇਸ ਦੀ ਵਰਤੋਂ ਲਗਾਤਾਰ ਕਰਦੇ ਰਹਿਣਾ ਚਾਹੀਦਾ ਹੈ। ਮੈਂ ਪਾਠਕਾਂ ਨੂੰ ਬੇਨਤੀ ਕਰਦਾ ਹਾਂ ਕਿ ਹਰ ਵਿਅਕਤੀ ਨੂੰ ਆਪਣੀ ਘਰੇਲੂ ਬਗੀਚੀ, ਟਿਊਬਵੈੱਲ ਜਾਂ ਖੇਤ ਵਿਚ ਅਮਰੂਦਾਂ ਦੇ ਪੌਦੇ ਲਗਾ ਲੈਣੇ ਚਾਹੀਦੇ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਪੰਜਾਬ ਵਿਚ ਇਲਾਹਾਬਾਦੀ ਸਫੈਦਾ, ਲਖਨਊ-49 (ਐਲ-49), ਪੰਜਾਬ ਸਫੈਦਾ, ਪੰਜਾਬ ਕਿਰਨ, ਸ਼ਵੇਤਾ, ਪੰਜਾਬ ਪਿੰਕ, ਐਪਲ ਗੁਆਵਾ ਅਤੇ ਹਿਸਾਰ ਸਫੈਦਾ ਵਰਾਇਟੀਆਂ ਲਗਾਉਣ ਦੀ ਸਿਫਾਰਸ਼ ਕੀਤੀ ਗਈ ਹੈ। ਇਹ ਬੂਟੇ ਅਗਸਤ ਤੋਂ ਅਕਤੂਬਰ ਅਤੇ ਫਰਵਰੀ ਤੇ ਮਾਰਚ ਮਹੀਨੇ ਤੱਕ ਲਗਾਏ ਜਾ ਸਕਦੇ ਹਨ। ਵਧੀਆ ਕੁਆਲਟੀ ਦੇ ਬੂਟੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਪੰਜਾਬ ਬਾਗਬਾਨੀ ਵਿਭਾਗ ਜਾਂ ਨੈਸ਼ਨਲ ਬਾਗਬਾਨੀ ਬੋਰਡ ਤੋਂ ਪ੍ਰਵਾਨਤ ਨਰਸਰੀਆਂ ਤੋਂ ਹੀ ਖ੍ਰੀਦਣੇ ਚਾਹੀਦੇ ਹਨ।



# ਹੜ੍ਹ ਦੇ ਪਾਣੀ ਦਾ ਪ੍ਰਬੰਧਨ ਕੌਣ ਕਰੇ

ਸ਼ਮਾ ਸ਼ਰਮਾ

ਪਿਛਲੇ ਦਿਨਾਂ ਦੀ ਗੱਲ ਹੈ, ਇਕ ਜਗ੍ਹਾ ਤੋਂ ਲੰਘ ਰਹੀ ਸੀ ਤਾਂ ਉੱਥੇ ਇਕ ਵੱਡਾ ਹੋਰਡਿੰਗ ਲੱਗਾ ਦੇਖਿਆ ਜਿਸ 'ਤੇ ਲਿਖਿਆ ਸੀ '**ਮੀਂਹ ਦੇ ਪਾਣੀ ਦੀ ਇਕ-ਇਕ ਬੂੰਦ ਬਚਾਉਣੀ ਜ਼ਰੂਰੀ ਹੈ**' ।

ਅਜਿਹੇ ਇਸ਼ਤਿਹਾਰ ਅਕਸਰ ਹੀ ਨਜ਼ਰ ਆਉਂਦੇ ਹਨ । ਆਪਣੀ ਮੂਲ ਪ੍ਰਤਿਗਿਆ 'ਚ ਇਹ ਗੱਲ ਬਹੁਤ ਚੰਗੀ ਵੀ ਲੱਗਦੀ ਹੈ । ਉਂਝ ਵੀ ਆਪਣੇ ਇਥੇ ਆਪਣੇ ਇਥੇ ਕਹਾਵਤ ਹੈ ਕਿ 'ਬੂੰਦ-ਬੂੰਦ ਨਾਲ ਘੜਾ ਭਰੇ' । ਦਹਾਕਿਆਂ ਤੋਂ ਇਹ ਐਲਾਨ ਵੀ ਕੀਤਾ ਜਾਂਦਾ ਰਿਹਾ ਹੈ ਕਿ ਅਗਲਾ ਵਿਸ਼ਵ ਯੁੱਧ ਪਾਣੀ ਲਈ ਹੀ ਹੋਵੇਗਾ ।

ਭਾਰਤ 'ਚ ਪਾਣੀ ਬਚਾਉਣ ਦੀਆਂ ਵੱਖ-ਵੱਖ ਤਕਨੀਕਾਂ ਪਹਿਲਾਂ ਤੋਂ ਹੀ ਮੌਜੂਦ ਹਨ । ਰਾਜਸਥਾਨ ਜਿੱਥੇ ਸਭ ਤੋਂ ਘੱਟ ਮੀਂਹ ਪੈਂਦਾ ਹੈ, ਉੱਥੇ ਪਾਣੀ ਬਚਾਉਣ ਦੀਆਂ ਤਕਨੀਕਾਂ ਬਾਰੇ ਮਸ਼ਹੂਰ ਚੌਗਿਰਦਾ ਮਾਹਿਰ ਸਵ. ਅਨੁਪਮ ਮਿਸ਼ਰ ਨੇ ਦੋ ਅਦਭੁੱਤ ਪੁਸਤਕਾਂ ਲਿਖੀਆਂ ਸਨ । 'ਅੱਜ ਵੀ ਖਰੇ ਹਨ ਤਾਲਾਬ' ਅਤੇ 'ਰਾਜਸਥਾਨ ਦੀਆਂ ਰਜਤ ਬੂੰਦਾਂ' । ਕਈ ਸੰਸਥਾਵਾਂ ਵੀ ਪਾਣੀ ਬਚਾਉਣ ਦੀਆਂ ਵੱਖ-ਵੱਖ ਤਕਨੀਕਾਂ 'ਤੇ ਕੰਮ ਕਰਦੀਆਂ ਹਨ ।

ਬੁੰਦੇਲਖੰਡ 'ਚ ਪਾਣੀ ਬਚਾਉਣ ਲਈ 'ਖੇਤਾਂ 'ਤੇ ਮੇੜ ਅਤੇ ਮੇੜ 'ਤੇ ਪੇੜ' ਵਰਗੇ ਨਾਅਰਿਆਂ ਦਾ ਬੋਲਬਾਲਾ ਹੈ । ਪਹਾੜਾਂ 'ਚ ਵੀ ਪਾਣੀ ਨੂੰ ਬਚਾਉਣ ਦੀਆਂ ਕਈ ਤਰਕੀਬਾਂ ਮੌਜੂਦ ਰਹੀਆਂ ਹਨ ਪਰ ਅਫਸੋਸ ਦੀ ਗੱਲ ਹੈ ਕਿ ਇਹ ਸਾਰੀਆਂ ਤਕਨੀਕਾਂ ਕਥਿਤ ਵਿਕਾਸ ਦੀ ਭੇਟ ਚੜ੍ਹ ਚੁੱਕੀਆਂ ਹਨ । ਜਿਨ੍ਹਾਂ ਨਦੀਆਂ ਨੂੰ ਅਸੀਂ ਦੇਵੀ ਮੰਨਦੇ ਹਾਂ, ਪੂਜਦੇ ਹਾਂ ਉਨ੍ਹਾਂ ਨੂੰ ਇੰਨਾ ਜ਼ਿਆਦਾ ਪ੍ਰਦੂਸ਼ਣ ਝੱਲਣਾ ਪੈ ਰਿਹਾ ਹੈ ਕਿ ਬਹੁਤ ਸਾਰੀਆਂ ਨਦੀਆਂ ਦਾ ਪਾਣੀ ਈ-ਲੈਵਲ ਤੱਕ ਦਾ ਨਹੀਂ ਰਿਹਾ ਹੈ । ਭਾਵ ਕਿ ਪੀਣ ਦੀ ਗੱਲ ਛੱਡੋ ਉਹ ਜਾਨਵਰਾਂ ਨੂੰ ਨਹਾਉਣ ਤੱਕ ਲਈ ਸਹੀ ਨਹੀਂ ਹੈ । ਇਨ੍ਹਾਂ 'ਚ ਗੰਗਾ ਅਤੇ ਯਮੁਨਾ ਵਰਗੀਆਂ ਨਦੀਆਂ ਵੀ ਸ਼ਾਮਲ ਹਨ ।



ਖੈਰ ਇਕ ਪਾਸੇ ਬੂੰਦ-ਬੂੰਦ ਪਾਣੀ ਬਚਾਉਣ ਦੀਆਂ ਗੱਲਾਂ ਹਨ ਤਾਂ ਦੂਜੇ ਪਾਸੇ ਅਸੀਂ ਦੇਖ ਰਹੇ ਹਾਂ ਕਿ ਅੱਜਕਲ ਦੇਸ਼ ਦੇ ਜ਼ਿਆਦਾਤਰ ਸੂਬੇ ਹੜ੍ਹ ਵਿਚ ਡੁੱਬੇ ਹਨ । ਲੋਕਾਂ ਦੇ ਘਰਾਂ, ਦੁਕਾਨਾਂ, ਸਕੂਲਾਂ, ਹਸਪਤਾਲਾਂ, ਰੇਲਵੇ ਸਟੇਸ਼ਨਾਂ ਤੇ ਹਵਾਈ ਅੱਡਿਆਂ 'ਤੇ ਪਾਣੀ ਭਰਿਆ ਹੈ । ਲੋਕ ਆਪਣੇ ਘਰ-ਬਾਰ ਛੱਡ ਕੇ ਭੱਜ ਗਏ ਹਨ ।

ਘਰਾਂ 'ਚ ਤਬਾਹੀ ਦੇਖੀਏ ਕਿ ਆਪਣੀ ਜਾਣ ਬਚਾਈਏ । ਕਿਤੇ ਘਰ ਡਿੱਗ ਰਹੇ ਹਨ ਅਤੇ ਕਿਤੇ ਪਲ ਟੁੱਟ ਰਹੇ ਹਨ । ਜਾਨਵਰ ਰੁੜ੍ਹੇ ਜਾ ਰਹੇ ਹਨ । ਕਾਰਾਂ ਪਾਣੀ ਵਿਚ ਡੁੱਬ-ਤੈਰ ਰਹੀਆਂ ਹਨ, ਬੱਸਾਂ ਵੀ, ਸੜਕਾਂ ਪਾਣੀ ਨਾਲ ਭਰੀਆਂ ਹਨ । ਲੋਕ ਜਿੱਥੇ ਹਨ ਉੱਥੇ ਫਸੇ ਹਨ । ਪਤਾ ਨਹੀਂ ਇਨ੍ਹਾਂ 'ਚੋਂ ਕਿੰਨੇ ਬੀਮਾਰ ਵੀ ਹੋਣਗੇ ਪਰ ਆਉਣ-ਜਾਣ ਦੇ ਰਸਤੇ ਹੋਣ ਹੀ ਤਾਂ ਵੀ ਹਸਪਤਾਲ ਤੱਕ ਪਹੁੰਚਣ ।

ਹਸਪਤਾਲ ਪਹੁੰਚ ਵੀ ਜਾਣ ਤਾਂ ਕੀ ਪਤਾ ਕਿ ਹਸਪਤਾਲ ਵੀ ਪਾਣੀ 'ਚ ਡੁੱਬਿਆ ਹੋਵੇ । ਇਕ ਲੜਕੇ ਨੇ ਡੁੱਬਦੇ ਵੱਛੇ ਨੂੰ ਆਪਣੀ ਜਾਣ 'ਤੇ ਖੇਤ ਕੇਬਚਾਇਆ ਹੈ । ਇਸੇ ਤਰ੍ਹਾਂ ਇਕ ਮੁਸਲਮਾਨ ਵਿਅਕਤੀ ਨੇ 6 ਕਾਂਵੜੀਆਂ ਨੂੰ ਆਪਣੀ ਜਾਨ ਦੀ ਪਰਵਾਹ ਨਾ ਕਰ ਕੇ ਬਾਹਰ ਕੱਢਿਆ ਹੈ ।

ਹੜ੍ਹ ਦਾ ਇਹ ਕਹਿਰ ਇਸ ਵਾਰ ਦੀ ਤਾਂ ਗੱਲ ਨਹੀਂ ਹੈ । ਹਰ ਵਾਰ ਅਸੀਂ ਅਜਿਹੇ ਹੀ ਦ੍ਰਿਸ਼ ਦੇਖਦੇ ਹਾਂ । ਭਰੇ ਪਾਣੀ 'ਚ ਕਰੰਟ ਆਉਣ ਨਾਲ ਕਈਆਂ ਦੀ ਮੌਤ ਦੀਆਂ ਗੱਲਾਂ ਵੀ ਸੁਣਦੇ ਹਾਂ ਪਰ ਮੌਸਮ ਬਦਲਦਾ ਹੈ ਤਾਂ ਹੜ੍ਹ ਅਤੇ ਨਦੀਆਂ, ਝਰਨਿਆਂ ਦੇ ਖਤਰਨਾਕ ਰੂਪ ਵੀ ਭੁਲਾ ਦਿੱਤੇ ਜਾਂਦੇ ਹਨ ।

ਇਹ ਸੋਚ ਮੇ ਕਿ ਅਗਲੀ ਵਾਰ ਜਦੋਂ ਕੁਝ ਹੋਵੇਗਾ ਉਦੋਂ ਦੇਖਾਂਗੇ ਅਤੇ ਅਗਲੀ ਵਾਰ ਪਿਛਲੀ ਵਾਰ ਨਾਲੋਂ ਵੀ ਭਿਆਨਕ ਦ੍ਰਿਸ਼ ਦੇਖਣ ਨੂੰ ਮਿਲਦੇ ਹਨ ।

ਕੀ ਅਜਿਹਾ ਅਸੰਭਵ ਹੈ ਕਿ ਇੰਨਾ ਵੱਡਾ ਇਹ ਦੇਸ਼ ਆਪਣੇ ਵਾਧੂ ਪਾਣੀ ਦਾ ਪ੍ਰਬੰਧਨ ਨਾ ਕਰ ਸਕੇ । ਹੜ੍ਹ ਦੇ ਇਸ ਪਾਣੀ ਨੂੰ ਬਚਾਉਣ ਲਈ ਅਜਿਹੇ ਪ੍ਰਬੰਧ ਕਿਉਂ ਨਹੀਂ ਕੀਤਾ ਜਾਂਦੇ ਕਿ ਵਾਧੂ ਪਾਣੀ ਜਿਵੇਂ ਹੀ ਨਦੀਆਂ 'ਚ ਆਏ ਉਹ ਤਬਾਹੀ ਮਚਾਉਣ ਦੇ ਮੁਕਾਬਲੇ ਕਿਤੇ ਇਕੱਠਾ ਕੀਤਾ ਜਾ ਸਕੇ ।

ਇਸ ਪਾਣੀ ਦੇ ਕਾਰਨ ਸਾਡਾ ਘਟਦਾ ਧਰਤੀ ਹੇਠਲਾ ਪਾਣੀ ਵੀ ਵਧ ਸਕਦਾ ਹੈ । ਨਦੀਆਂ ਸੁੱਕਣ ਤੋਂ ਬਚ ਸਕਦੀਆਂ ਹਨ । ਜੋ ਮਿੱਠਾ ਪਾਣੀ ਸਮੁੰਦਰ 'ਚ ਮਿਲ ਕੇ ਖਾਰਾ ਬਣ ਜਾਂਦਾ ਹੈ ਅਤੇ ਪੀਣ ਦੇ ਲਾਇਕ ਨਹੀਂ ਰਹਿੰਦਾ ਉਸ ਨੂੰ ਬਚਾ ਕੇ ਨਾ ਸਿਰਫ ਮਨੁੱਖਾਂ ਸਗੋਂ ਪਸ਼ੂ-ਪੰਛੀਆਂ, ਇਥੋਂ ਤੱਕ ਕਿ ਫਸਲਾਂ ਦੀ ਪਿਆਸ ਬੁਝਾਈ ਜਾ ਸਕਦੀ ਹੈ । ਸੋਕੇ ਨਾਲ ਨਜਿੱਠਿਆ ਜਾ ਸਕਦਾ ਹੈ ।

ਇਹ ਦੇਖ ਕੇ ਕੀ ਹੈਰਾਨੀ ਨਹੀਂ ਹੁੰਦੀ ਕਿ ਕੋਈ ਵੀ ਚੋਣ ਪਾਣੀ ਵਰਗੇ ਮਹੱਤਵਪੂਰਨ ਮੁੱਦੇ 'ਤੇ ਨਹੀਂ ਲੜੀ ਜਾਂਦੀ । ਚੋਣਾਂ 'ਚ ਅਕਸਰ ਲੋਕਾਂ ਨਾਲ ਜੁੜੇ ਮਸਲਿਆਂ ਦੇ ਮੁਕਾਬਲੇ ਸਨਸਨੀਖੇਜ਼ ਮੁੱਦੇ ਚੁੱਕੇ ਜਾਂਦੇ ਹਨ ਜੋ ਲੋਕਾਂ ਨੂੰ ਭੜਕਾ ਸਕਣ ਅਤੇ ਚੋਣ ਜਿਤਾ ਸਕਣ ।

ਪਾਣੀ ਦਾ ਇਸਤੇਮਾਲ ਵਧਦੀ ਤਕਨੀਕ ਅਤੇ ਵਧਦੀ ਆਬਾਦੀ ਦੇ ਕਾਰਨ ਲਗਾਤਾਰ ਵੱਧ ਰਿਹਾ ਹੈ ਪਰ ਉਸ ਨੂੰ ਬਚਾਈਏ ਕਿਵੇਂ, ਪ੍ਰਦੂਸ਼ਣ ਮੁਕਤ ਕਿਵੇਂ ਕਰੀਏ, ਇਸ ਦਾ ਕੋਈ ਹੱਲ ਦਿਖਾਈ ਨਹੀਂ ਦਿੰਦਾ । ਜੇ ਹਰ ਸ਼ਹਿਰ ਆਪਣੇ ਵਾਧੂ ਪਾਣੀ ਨੂੰ ਬਚਾਏ ਤਾਂ ਪਾਣੀ ਦੀ ਕਮੀ ਤੋਂ ਸਹਿਜੇ ਹੀ ਮੁਕਤ ਹੋਇਆ ਜਾ ਸਕਦਾ ਹੈ ।

ਚੇਨਈ ਨੂੰ ਜ਼ੀਰੋ ਪਾਣੀ ਵਾਲਾ ਸ਼ਹਿਰ ਐਲਾਨਿਆ ਜਾ ਚੁੱਕਾ ਹੈ । ਬਹੁਤ ਸਾਰੇ ਸ਼ਹਿਰ ਇਸ ਕਤਾਰ ਵਿਚ ਹਨ । ਪਿੰਡਾਂ ਤੱਕ 'ਚ ਧਰਤੀ ਹੇਠਲੇ ਪਾਣੀ ਦਾ ਪੱਧਰ 400 ਮੀਟਰ ਤੱਕ ਪਹੁੰਚ ਗਿਆ ਹੈ ।

# ਕੀਟਨਾਸ਼ਕਾਂ ਦੀ ਸੁਚੱਜੀ ਵਰਤੋਂ ਲਈ ਆਰਥਿਕ ਕਗਾਰ (ਈ.ਟੀ.ਐਲ.) ਅਪਣਾਓ

**ਨਵੀਨ ਅਗਰਵਾਲ ਅਤੇ ਗੁਰਮੇਲ ਸਿੰਘ ਸੰਧੂ,**
ਕੀਟ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ ਮੋਬਾਇਲ : 94631-45100

| ਫਸਲ | ਕੀੜਾ | ਨੁਕਸਾਨ ਦੇ ਲੱਛਣ | ਆਰਥਿਕ ਕਗਾਰ (ਇਕਨਾਮਿਕ ਥਰੈਸ਼ਹੋਲਡ ਲੈਵਲ) |
|---|---|---|---|
| ਝੋਨਾ/ਬਾਸਮਤੀ | ਤਨੇ ਦੇ ਗੜੂੰਏਂ | ਸੁੰਡੀਆਂ ਤਨੇ ਵਿਚ ਵੜਨ ਨਾਲ ਬੂਟੇ ਦੀਆਂ ਗੋਭਾ ਸੁੱਕ ਜਾਂਦੀਆਂ ਹਨ, ਮੁੰਜਰਾਂ ਵਿਚ ਦਾਣੇ ਨਹੀਂ ਪੈਂਦੇ ਅਤੇ ਮੁੰਜਰਾਂ ਚਿੱਟੇ ਰੰਗ ਦੀਆਂ ਹੋ ਜਾਂਦੀਆਂ ਹਨ । | ਝੋਨੇ ਵਿਚ 5 ਪ੍ਰਤੀਸ਼ਤ ਤੋਂ ਵਧੇਰੇ ਸੁੱਕੀਆਂ ਗੋਭਾਂ ਹੋਣ |
| | ਪੱਤਾ ਲਪੇਟ ਸੁੰਡੀ | ਇਸਦੀ ਸੁੰਡੀ ਪੱਤੇ ਨੂੰ ਲਪੇਟ ਲੈਂਦੀ ਹੈ ਅਤੇ ਅੰਦਰੋ-ਅੰਦਰ ਹਰਾ ਮਾਦਾ ਖਾਂਦੀ ਹੈ, ਜਿਸ ਨਾਲ ਪੱਤਿਆਂ ਉੱਤੇ ਚਿੱਟੇ ਰੰਗ ਦੀਆਂ ਧਾਰੀਆਂ ਪੈ ਜਾਂਦੀਆਂ ਹਨ । | 10 ਪ੍ਰਤੀਸ਼ਤ ਤੋਂ ਵਧੇਰੇ ਪੱਤਿਆਂ ਦਾ ਨੁਕਸਾਨ ਹੋਵੇ |
| | ਬੂਟਿਆਂ ਦੇ ਟਿੱਡੇ | ਬੱਚੇ ਅਤੇ ਬਾਲਗ ਟਿੱਡੇ ਬੂਟੇ ਦਾ ਰਸ ਚੂਸਦੇ ਹਨ ਜਿਸ ਨਾਲ ਫਸਲ ਧੌੜੀਆਂ ਵਿਚ ਸੁੱਕ ਜਾਂਦੀ ਹੈ । | 5 ਜਾਂ ਵੱਧ ਟਿੱਡੇ ਪ੍ਰਤੀ ਬੂਟਾ ਹੋਣ |
| ਨਰਮਾ | ਤੇਲਾ | ਬੱਚੇ ਅਤੇ ਬਾਲਗ ਪੱਤਿਆਂ ਵਿਚੋਂ ਰਸ ਚੂਸਦੇ ਹਨ, ਜਿਸ ਕਾਰਨ ਪੱਤੇ ਕਿਨਾਰਿਆਂ ਤੋਂ ਪੀਲੇ ਪੈਣੇ ਸ਼ੁਰੂ ਹੋ ਜਾਂਦੇ ਹਨ । ਜ਼ਿਆਦਾ ਹਮਲੇ ਕਾਰਨ ਪੱਤੇ ਝੜ ਜਾਂਦੇ ਹਨ । | 50% ਬੂਟਿਆਂ ਦੇ ਉਪਰਲੇ ਹਿੱਸੇ ਦੇ ਪੂਰੀ ਤਰ੍ਹਾਂ ਬਣ ਚੁੱਕੇ ਪੱਤੇ ਪੀਲੇ ਹੋ ਜਾਣ ਅਤੇ ਕਿਨਾਰਿਆਂ ਤੋਂ ਮੁੜ ਜਾਣ । |
| | ਚਿੱਟੀ ਮੱਖੀ | ਬੱਚੇ ਅਤੇ ਬਾਲਗ ਪੱਤਿਆਂ ਵਿਚੋਂ ਰਸ ਚੂਸਦੇ ਹਨ ਅਤੇ ਪੱਤਿਆਂ ਉੱਤੇ ਸ਼ਹਿਦ ਦੇ ਤੁਪਕਿਆਂ ਵਰਗਾ ਮਲ ਕੱਢਦੇ ਹਨ ਜੋ ਚਿਪਚਿਪਾ ਜਿਹਾ ਹੁੰਦਾ ਹੈ । ਇਸ ਨਾਲ ਪੱਤਿਆਂ ਅਤੇ ਖਿੜੇ ਹੋਏ ਨਰਮੇ ਉੱਪਰ ਉੱਲੀ ਪੈਦਾ ਹੋ ਜਾਂਦੀ ਹੈ ਤੇ ਇਹ ਕਾਲੇ ਰੰਗ ਦੇ ਹੋ ਜਾਂਦੇ ਹਨ । | ਬੂਟੇ ਦੇ ਉਪਰਲੇ ਹਿੱਸੇ ਵਿਚ ਸਵੇਰੇ 10 ਵਜੇ ਤੋਂ ਪਹਿਲਾਂ 6 ਮੱਖੀਆਂ ਪ੍ਰਤੀ ਪੱਤਾ ਹੋਣ ਜਾਂ ਜਦੋਂ 50 ਪ੍ਰਤੀਸ਼ਤ ਬੂਟਿਆਂ ਦੇ ਪੱਤਿਆਂ ਤੇ ਸ਼ਹਿਦ ਵਰਗੀਆਂ ਬੂੰਦਾਂ ਹੋਣ । |
| | ਭੂਰੀ ਜੂੰ (ਥਰਿਪ) | ਜੂੰ ਦੇ ਹਮਲੇ ਕਾਰਨ ਪੱਤੇ ਦੀ ਵਿਚਕਾਰਲੀ ਨਾੜ ਅਤੇ ਬਾਕੀ ਨਾੜੀਆਂ ਦੁਆਲੇ ਚਮਕੀਲੀਆਂ ਧਾਰੀਆਂ ਬਣ ਜਾਂਦੀਆਂ ਹਨ । ਬਾਅਦ ਵਿਚ ਇਹ ਧਾਰੀਆਂ ਸਾਰੇ ਪੱਤੇ ਤੇ ਪੈ ਜਾਂਦੀਆਂ ਹਨ, ਜਿਸ ਕਾਰਨ ਪੱਤੇ ਮੁੜਨੇ ਸ਼ੁਰੂ ਹੋ ਜਾਂਦੇ ਹਨ । ਜ਼ਿਆਦਾ ਹਮਲਾ ਹੋਣ ਦੀ ਸੂਰਤ ਵਿਚ ਪੱਤੇ ਦੂਰੋਂ ਹੀ ਖਾਕੀ ਅਤੇ ਭੁਰਭੁਰ ਮੁਰਭੁਰ ਜਾਪਦੇ ਹਨ । | ਬੂਟੇ ਦੇ ਉਪਰਲੇ ਹਿੱਸੇ ਵਿਚ ਇਸ ਦੇ ਬੱਚੇ ਅਤੇ ਬਾਲਗਾਂ ਦੀ ਗਿਣਤੀ ਪ੍ਰਤੀ ਪੱਤੇ ਤੇ 12 ਹੋ ਜਾਵੇ |
| | ਚੇਪਾ | ਬੱਚੇ ਅਤੇ ਬਾਲਗ ਪੱਤਿਆਂ ਵਿਚੋਂ ਰਸ ਚੂਸਦੇ ਹਨ ਅਤੇ ਪੱਤਿਆਂ ਉੱਤੇ ਸ਼ਹਿਦ ਦੇ ਤੁਪਕਿਆਂ ਵਰਗਾ ਮਲ ਕੱਢਦੇ ਹਨ ਜਿਸ ਉੱਤੇ ਕਾਲੀ ਉੱਲੀ ਪੈਦਾ ਹੋ ਜਾਂਦੀ ਹੈ । | ਜਦੋਂ ਵਿਚਕਾਰਲੀ ਛਤਰੀ ਦੇ 50 ਪ੍ਰਤੀਸ਼ਤ ਬੂਟਿਆਂ ਦੇ ਪੱਤਿਆਂ ਤੇ ਸ਼ਹਿਦ ਵਰਗੀਆਂ ਬੂੰਦਾਂ ਹੋਣ |
| | ਟੀਂਡੇ ਦੀਆਂ ਸੁੰਡੀਆਂ | ਬੀ ਟੀ ਨਰਮਾ ਟੀਂਡੇ ਕਾਣੇ ਕਰਨ ਵਾਲੀਆਂ ਸੁੰਡੀਆਂ ਦੀ ਬਹੁਤ ਵਧੀਆ ਰੋਕਥਾਮ ਕਰਦੀ ਹੈ । ਫੇਰ ਵੀ, ਫੁੱਲ ਡੋਡੀ ਪੈਣ ਸਮੇਂ ਫਸਲ ਦਾ ਲਗਾਤਾਰ ਸਰਵੇਖਣ ਕਰੋ । ਫਸਲ ਦੇ ਅਖੀਰ ਵਿਚ ਸੁੰਡੀਆਂ ਦੇ ਹਮਲੇ ਵਾਲੇ ਫੁੱਲ, ਡੋਡੀਆਂ ਵਿਚ ਮੋਰੀਆਂ ਜਾਂ ਸੁੰਡੀਆਂ ਨਜ਼ਰ ਆਉਂਦੀਆਂ ਹਨ । ਗੁਲਾਬੀ ਸੁੰਡੀ ਲਈ ਫੁੱਲ ਆਉਣ ਤੇ ਖੇਤ ਵਿਚ ਵੱਖ-ਵੱਖ ਜਗ੍ਹਾ ਤੋਂ 100 ਫੁੱਲਾਂ ਦੀ ਜਾਂਚ ਕਰੋ । 75 ਦਿਨ ਤੋਂ ਵੱਡੀ ਫਸਲ ਵਿਚ 20 ਹਰੇ ਟੀਂਡੇ ਤੋੜ ਕੇ ਗੁਲਾਬੀ ਸੁੰਡੀ ਦੀ ਗਿਣਤੀ ਕਰੋ । | ਸੁੰਡੀ ਦੇ ਹਮਲੇ ਵਾਲੇ ਫੁੱਲ ਡੋਡੀਆਂ ਦੀ ਗਿਣਤੀ 5 ਪ੍ਰਤੀਸ਼ਤ ਤੋਂ ਵੱਧ ਹੋਵੇ<br>★ ਭਮੀਰੀ ਫੁੱਲ ਅਤੇ ਹਮਲੇ ਵਾਲੇ ਫੁੱਲ ਗਿਣਤੀ 5 ਪ੍ਰਤੀਸ਼ਤ ਤੋਂ ਵੱਧ ਹੋਵੇ<br>★ 20 ਟੀਂਡਿਆਂ ਵਿਚੋਂ 2 ਜਾਂ 3 ਤੋਂ ਜ਼ਿਆਦਾ ਸੁੰਡੀਆਂ ਮਿਲਦੀਆਂ ਹਨ । |
| ਗੰਨਾ | ਆਗ ਦਾ ਗੜੂੰਆਂ | ਇਸਦੇ ਹਮਲੇ ਕਰਕੇ ਗੰਨੇ ਦੇ ਸਿਰੇ ਤੇ ਗੋਭ ਵਾਲਾ ਪੱਤਾ ਸੁੱਕ ਜਾਂਦਾ ਹੈ ਅਤੇ ਕਾਲੇ ਰੰਗ ਦਾ ਹੋ ਜਾਂਦਾ ਹੈ । ਇਹ ਆਗ ਵਿਚ ਮੋਰੀਆਂ ਕਰ ਦਿੰਦਾ ਹੈ, ਪੱਤੇ ਤੇ ਰੀੜ੍ਹ ਤੇ ਉੱਪਰਲੇ ਸਿਰੇ ਵੱਲ ਚਿੱਟੀਆਂ ਜਾਂ ਲਾਲ ਧਾਰੀਆਂ ਪੈ ਜਾਂਦੀਆਂ ਹਨ ਅਤੇ ਗੰਨਾ ਛਾਂਗਾ ਹੋ ਜਾਂਦਾ ਹੈ । | 5 ਪ੍ਰਤੀਸ਼ਤ ਤੋਂ ਵੱਧ ਗੜੂੰਏਂ ਦਾ ਹਮਲਾ ਹੋਵੇ |

# ਵਿਟਾਮਿਨ ਈ ਅਤੇ ਇਸਦੇ ਖ਼ੁਰਾਕੀ ਸਰੋਤ

ਸ਼ਿਲਪਾ ਗੁਪਤਾ, ਮਨਜੀਤ ਕੌਰ ਸੰਘਾ ਅਤੇ ਸੁਚੇਤਾ ਸ਼ਰਮਾ,
ਜੀਵ ਰਸਾਇਣ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 94178-91660)

ਵਿਟਾਮਿਨ ਈ ਵਸਾ ਵਿੱਚ ਘੁਲਨਸ਼ੀਲ ਇੱਕ ਸ਼ਕਤੀਸ਼ਾਲੀ ਐਂਟੀਆਕਸੀਡੈਂਟ ਹੈ ਜੋ ਸੈੱਲਾਂ ਨੂੰ ਆਕਸੀਡੇਟਿਵ ਤਣਾਅ ਤੋਂ ਬਚਾਉਂਦਾ ਹੈ। ਆਕਸੀਡੇਟਿਵ ਤਣਾਅ ਅੰਤਰਜਾਤ ਖੁਰਾਕੀ ਕਰਨ ਅਤੇ ਸਿਗਰਟ ਦੇ ਧੂੰਏਂ, ਹਵਾ ਪ੍ਰਦੂਸ਼ਣ, ਅਲਟਰਾਵਾਇਲਟ ਰੇਡੀਏਸ਼ਨ ਆਦਿ ਦੇ ਬਾਹਰੀ ਸੰਪਰਕ ਤੋਂ ਪੈਦਾ ਹੁੰਦਾ ਹੈ। ਵਿਟਾਮਿਨ ਈ ਨਜ਼ਰ, ਪ੍ਰਜਨਣ, ਖੂਨ, ਦਿਮਾਗ ਅਤੇ ਚਮੜੀ ਦੀ ਸਿਹਤ ਲਈ ਮਹੱਤਵਪੂਰਨ ਪੌਸ਼ਟਿਕ ਤੱਤ ਹੈ। ਬਿਮਾਰੀਆਂ ਵਿਰੁੱਧ ਬਚਾਅ ਦੀ ਭੂਮਿਕਾ ਨਿਭਾਉਂਦਾ ਹੈ, ਜਿਵੇਂ ਕਿ ਦਿਲ ਦੀ ਬਿਮਾਰੀ, ਕੈਂਸਰ, ਅੱਖਾਂ ਦੀਆਂ ਬਿਮਾਰੀਆਂ, ਦਿਮਾਗੀ ਕਮਜ਼ੋਰੀ, ਗੰਭੀਰ ਸੋਜਸ਼ ਅਤੇ ਮਾਸਪੇਸ਼ੀ ਸੰਕੁਚਨ ਆਦਿ। ਇਹ ਹਮਲਾਵਰ ਜਰਮੀਆਂ



(ਬੈਕਟੀਰੀਆ, ਵਾਇਰਸ) ਦੇ ਵਿਰੁੱਧ ਪ੍ਰਤੀਰੋਧੀ ਪ੍ਰਣਾਲੀ ਦੇ ਵਧੀਕੀਕਰਨ ਵਿਚ ਵੀ ਸਹਾਇਤਾ ਕਰਦਾ ਹੈ। ਵਿਟਾਮਿਨ ਈ ਜਦੋਂ ਸਤਹੀ ਤੌਰ ਤੇ ਲਾਗੂ ਕੀਤਾ ਜਾਂਦਾ ਹੈ ਤਾਂ ਅਲਟਰਾਵਾਇਲਟ ਕਿਰਨਾਂ ਦੇ ਹਾਨੀਕਾਰਕ ਅਸਰ ਤੋਂ ਚਮੜੀ ਨੂੰ ਬਚਾਅ (ਫੋਟੋ ਪ੍ਰੋਟੈਕਸ਼ਨ) ਪ੍ਰਦਾਨ ਕਰ ਸਕਦਾ ਹੈ। ਖੁਰਾਕ ਦੁਆਰਾ ਚਮੜੀ ਦੇ ਫੋਟੋ ਪ੍ਰੋਟੈਕਸ਼ਨ ਨੂੰ ਵਧਾਉਣ ਲਈ ਵਿਟਾਮਿਨ ਸੀ ਅਤੇ ਈ ਸਹਿਪੂਰਕ ਦੀ ਤਰ੍ਹਾਂ ਕੰਮ ਕਰਦੇ ਹਨ। ਕਿਉਂਕਿ ਵਿਟਾਮਿਨ ਈ ਖੁਰਾਕ ਦੁਆਰਾ ਆਸਾਨੀ ਨਾਲ ਪਹੁੰਚਯੋਗ ਹੈ, ਇਸਦੀ ਸਰੀਰ ਦੇ ਵਿਚ ਘਟਣ ਦੀ ਸੰਭਾਵਨਾ ਬਹੁਤ ਘੱਟ ਹੈ। ਪਰ ਬਹੁਤ ਘੱਟ ਤੇਲ ਵਾਲੇ ਭੋਜਨ ਕਰਨ ਵਾਲੇ ਲੋਕਾਂ ਅਤੇ ਕੁਝ ਪਾਚਨ ਸਮੱਸਿਆਵਾਂ ਵਾਲੇ ਲੋਕਾਂ ਵਿੱਚ ਵਿਟਾਮਿਨ ਈ ਦੀ ਘਾਟ ਹੋਣ ਦੀ ਸੰਭਾਵਨਾ ਵਧੇਰੇ ਹੁੰਦੀ ਹੈ।

**ਖੁਰਾਕ ਸਰੋਤ** : ਵਿਟਾਮਿਨ ਈ ਬਹੁਤ ਸਾਰੇ ਭੋਜਨਾ ਵਿਚ ਕੁਦਰਤੀ ਤੌਰ ਤੇ ਹੁੰਦਾ ਹੈ। ਇਹ ਇੱਕ ਖੁਰਾਕ ਪੂਰਕ ਦੇ ਤੌਰ ਤੇ ਵੀ ਉਪਲਬਧ ਹੈ। ਕਈ ਵਾਰੀ, ਇਹ ਪ੍ਰੋਸੈਸ ਕੀਤੇ ਭੋਜਨ ਸਰੋਤ ਵਿੱਚ ਵੀ ਉਪਲੱਬਧ ਹੁੰਦਾ ਹੈ। ਕੁਝ ਭੋਜਨ ਕੰਪਨੀਆਂ ਅਨਾਜ, ਫਲਾਂ ਦੇ ਰਸ, ਮਾਰਗਰੀਨ ਅਤੇ ਹੋਰ ਭੋਜਨਾਂ ਵਿਚ ਵਿਟਾਮਿਨ ਈ ਬਾਹਰੋਂ ਪਾਉਂਦੀਆਂ ਹਨ। ਭੋਜਨ ਦੇ ਅੱਡ-ਅੱਡ ਸਰੋਤਾਂ ਵਿਚ ਵਿਟਾਮਿਨ ਈ ਦੀ ਮਾਤਰਾ ਕਾਫੀ ਵੱਖ-ਵੱਖਰੀ ਹੁੰਦੀ ਹੈ। ਸਬਜ਼ੀਆਂ ਦੇ ਤੇਲ ਜਿਵੇਂ ਕਿ ਸੋਇਆਬੀਨ (1025 ਮਿਲੀਗ੍ਰਾਮ / ਕਿਲੋਗ੍ਰਾਮ ਤੇਲ) ਅਤੇ ਮੱਕੀ (1006 ਮਿਲੀਗ੍ਰਾਮ/ਕਿਲੋਗ੍ਰਾਮ ਤੇਲ) ਦੇ ਤੇਲ ਵਿਚ ਵਿਟਾਮਿਨ ਦੀ ਮਾਤਰਾ ਵਧੇਰੇ ਹੁੰਦੀ ਹੈ, ਇਸਦੇ ਬਾਅਦ ਰਾਈ (595 ਮਿਲੀਗ੍ਰਾਮ/ਕਿਲੋਗ੍ਰਾਮ ਤੇਲ), ਸੂਰਜਮੁਖੀ (538 ਮਿਲੀਗ੍ਰਾਮ/ਕਿਲੋਗ੍ਰਾਮ ਤੇਲ) ਅਤੇ ਮੂੰਗਫਲੀ (505 ਮਿਲੀਗ੍ਰਾਮ / ਕਿਲੋਗ੍ਰਾਮ ਤੇਲ) ਦੇ ਤੇਲ ਵਿੱਚ ਦਰਮਿਆਨੀ ਮਾਤਰਾ ਹੁੰਦੀ ਹੈ। ਤਿਲ (446 ਮਿਲੀਗ੍ਰਾਮ / ਕਿਲੋਗ੍ਰਾਮ ਤੇਲ), ਅਖਰੋਟ (376 ਮਿਲੀਗ੍ਰਾਮ / ਕਿਲੋਗ੍ਰਾਮ ਤੇਲ), ਕੁਸੁੰਭ (334 ਮਿਲੀਗ੍ਰਾਮ / ਕਿਲੋਗ੍ਰਾਮ ਤੇਲ), ਜੈਤੂਨ (211 ਮਿਲੀਗ੍ਰਾਮ/ਕਿਲੋਗ੍ਰਾਮ ਤੇਲ) ਆਦਿ ਦੇ ਤੇਲ ਵਿੱਚ ਘੱਟ ਮਾਤਰਾ ਹੁੰਦੀ ਹੈ। ਫਲਾਂ ਵਿਚ ਅਨਾਰ (247 ਮਿਲੀਗ੍ਰਾਮ / 100 ਗ੍ਰਾਮ ਤੇਲ) ਵਿਟਾਮਿਨ ਈ ਦਾ ਮੁੱਖ ਸਰੋਤ ਹੈ। ਹੋਰ ਫਲ ਜਿਵੇਂ ਚੈਰੀ (86.40 ਮਿਲੀਗ੍ਰਾਮ / 100 ਗ੍ਰਾਮ ਤੇਲ) ਤਰਬੂਜ (73.20 ਮਿਲੀਗ੍ਰਾਮ / 100 ਗ੍ਰਾਮ ਤੇਲ) ਅਤੇ ਆਲੂ ਬੁਖਾਰਾ (60.20 ਮਿਲੀਗ੍ਰਾਮ / 100 ਗ੍ਰਾਮ ਤੇਲ) ਵੀ ਦਰਮਿਆਨੇ ਤੋਂ ਘੱਟ ਸਰੋਤ ਵਜੋਂ ਕੰਮ ਕਰਦੇ ਹਨ। ਪੇਠਾ (47.80 ਮਿਲੀਗ੍ਰਾਮ /100 ਗ੍ਰਾਮ ਤੇਲ) ਸਬਜ਼ੀਆਂ ਵਿਚ ਵਿਟਾਮਿਨ ਈ ਦਾ ਮੁੱਖ ਸਰੋਤ ਹੈ। ਇਸ ਤੋਂ ਬਾਅਦ ਡਰੰਮਸਟਿਕਸ / ਮੋਰਿੰਗਾ / ਹਾਰਸਰੈਡਿਸ਼ ਅਤੇ ਧਨੀਏ ਦੇ ਵਿੱਚ ਵਿਟਾਮਿਨ ਈ ਦੀ ਮਾਤਰਾ ਕ੍ਰਮਵਾਰ 19.25 ਅਤੇ 1.50 ਮਿਲੀਗ੍ਰਾਮ / 100 ਗ੍ਰਾਮ ਤੇਲ ਹੈ। ਇਸ ਤੋਂ ਇਲਾਵਾ, ਖੁਰਮਾਨੀ (57 ਮਿਲੀਗ੍ਰਾਮ / 100 ਗ੍ਰਾਮ ਤੇਲ) ਵੀ ਇਸ ਵਿਟਾਮਿਨ ਦਾ ਵਧੀਆ ਸਰੋਤ ਹੈ। ਪਿਸਤਾ ਮੇਵੇ ਵਿੱਚ ਵਿਟਾਮਿਨ ਈ ਦੀ ਮਾਤਰਾ (14.40 ਮਿਲੀਗ੍ਰਾਮ / 100 ਗ੍ਰਾਮ ਤੇਲ) ਹੁੰਦੀ ਹੈ। ਕੁਝ ਰੁੱਖ ਵੀ ਇਸ ਐਂਟੀਆਕਸੀਡੈਂਟ ਦਾ ਸਰੋਤ ਹਨ ਇਨ੍ਹਾਂ ਵਿਚ (23.80 ਅਤੇ 7.00 ਮਿਲੀਗ੍ਰਾਮ / 100 ਗ੍ਰਾਮ ਤੇਲ ਦੀ ਮਾਤਰਾ ਵਾਲਾ) ਨਿੰਮ ਅਤੇ ਜੋਜੋਬਾ ਸ਼ਾਮਲ ਹਨ। ਵੱਖ-ਵੱਖ ਕਿਸਮਾਂ ਦੇ ਬੀਜਾਂ ਵਿੱਚੋਂ ਕਾਲਾ ਜੀਰਾ, ਚੀਆ ਅਤੇ ਫਲੈਕਸ ਵਿੱਚ ਘੱਟ ਤੋਂ ਦਰਮਿਆਨੀ ਵਿਟਾਮਿਨ ਈ ਦੀ ਮਾਤਰਾ ਹੁੰਦੀ ਹੈ (ਕ੍ਰਮਵਾਰ 2.20, 26.15 ਅਤੇ 39.90 ਮਿਲੀਗ੍ਰਾਮ/100 ਗ੍ਰਾਮ ਤੇਲ)।

**ਪੂਰਕ ਅਤੇ ਸਿਫਾਰਿਸ਼ ਕੀਤਾ ਖੁਰਾਕ ਭੱਤਾ (ਆਰ. ਡੀ. ਏ)** : ਵਿਟਾਮਿਨ ਈ ਦੀ ਘਾਟ ਵਾਲੇ ਲੋਕਾਂ ਲਈ ਪੂਰਕਾਂ ਦਾ ਸੇਵਨ ਹੋਰ ਕਿਸੀ ਬਿਮਾਰੀ ਦੀਆਂ ਦਵਾਈਆਂ ਦੇ ਨਾਲ ਨੁਕਸਾਨਦੇਹ ਹੋ ਸਕਦਾ ਹੈ, ਇਸ ਲਈ ਇਸ ਨੂੰ ਸਿਰਫ ਡਾਕਟਰੀ ਤਜਵੀਜ਼ ਅਧੀਨ ਲਿਆ ਜਾਣਾ ਚਾਹੀਦਾ ਹੈ। ਮਲਟੀਵਿਟਾਮਿਨ-ਮਿਨਰਲ ਪੂਰਕ 13.5 ਮਿਲੀਗ੍ਰਾਮ ਵਿਟਾਮਿਨ ਈ ਪ੍ਰਦਾਨ ਕਰਦਾ ਹੈ, ਜਦੋਂ ਕਿ ਸ਼ੁੱਧ ਵਿਟਾਮਿਨ ਈ ਪੂਰਕਾਂ ਵਿਚ ਇਹ ਮਾਤਰਾ ਲਗਭਗ ਪੰਜ ਗੁਣਾ ਅਰਥਾਤ 67 ਮਿਲੀਗ੍ਰਾਮ ਜਾਂ ਇਸ ਤੋਂ ਵੀ ਵੱਧ ਹੁੰਦੀ ਹੈ, ਜੋ ਸਿਫਾਰਿਸ਼ ਕੀਤੀ ਮਾਤਰਾ ਨਾਲੋਂ ਬਹੁਤ ਜ਼ਿਆਦਾ ਹੁੰਦੀ ਹੈ। ਸੰਦਰਭ ਲਈ ਵਿਟਾਮਿਨ ਈ ਦੀ ਇੱਕ ਅੰਤਰਰਾਸ਼ਟਰੀ ਇਕਾਈ (ਆਈ.ਯੂ.) 0.67 ਮਿਲੀਗ੍ਰਾਮ (ਕੁਦਰਤੀ ਵਿਟਾਮਿਨ ਈ ਅਤੇ 0.45 ਮਿਲੀਗ੍ਰਾਮ (ਸਿੰਥੈਟਿਕ ਵਿਟਾਮਿਨ ਈ) ਦੇ ਬਰਾਬਰ ਹੈ। ਵਿਟਾਮਿਨ ਈ ਲਈ ਰੋਜ਼ਾਨਾ ਖੁਰਾਕ ਭੱਤਾ (ਆਰ.ਡੀ.ਏ.) ਇੱਕ ਵਿਅਕਤੀ ਦੀ ਉਮਰ ਅਤੇ ਸਰੀਰਕ ਸਥਿਤੀ ਦੇ ਨਾਲ ਬਦਲਦਾ ਹੈ। ਬੱਚਿਆਂ ਵਿੱਚ, ਆਰ. ਡੀ. ਏ. 0.6 ਮਹੀਨਿਆਂ ਦੀ ਉਮਰ ਸਮੂਹ ਲਈ 4 ਮਿਲੀਗ੍ਰਾਮ (6 ਆਈ.ਯੂ) ਹੁੰਦਾ ਹੈ ਜਦੋਂ ਕਿ ਇਹ 7-12 ਮਹੀਨਿਆਂ ਦੇ ਬੱਚਿਆਂ ਲਈ, 5 ਮਿਲੀਗ੍ਰਾਤ (7.5 ਆਈ.ਯੂ) ਹੁੰਦਾ ਹੈ। 1-3 ਸਾਲ ਦੇ ਬੱਚਿਆਂ ਲਈ, ਲੋੜ 6 ਮਿਲੀਗ੍ਰਾਮ (9 ਆਈ.ਯੂ) ਹੈ। 4-8 ਸਾਲ ਦੇ ਉਮਰ ਸਮੂਹ ਵਾਲੇ ਬੱਚਿਆਂ ਲਈ ਵਿਟਾਮਿਨ ਈ ਦੀ ਰੋਜ਼ਾਨਾ ਖਪਤ 7 ਮਿਲੀਗ੍ਰਾਮ (10.4 ਆਈ.ਯੂ) ਹੋਣੀ ਚਾਹੀਦੀ ਹੈ ਅਤੇ 9-13 ਸਾਲਾਂ ਲਈ, ਇਹ 11 ਮਿਲੀਗ੍ਰਾਮ (16.4 ਆਈ.ਯੂ) ਹੋਣੀ ਚਾਹੀਦੀ ਹੈ। ਉਮਰ ਸਮੂਹ 14 ਸਾਲ ਲਈ, ਰੋਜ਼ਾਨਾ ਦੀ ਜ਼ਰੂਰਤ 15 ਮਿਲੀਗ੍ਰਾਮ (22.4 ਆਈ.ਯੂ) ਹੈ। ਗਰਭ ਅਵਸਥਾ ਅਤੇ ਦੁੱਧ ਚੁੰਘਾਉਣ ਸਮੇਂ ਇਸਦੀ ਜ਼ਰੂਰਤ 1000 ਮਿਲੀਗ੍ਰਾਮ ਪ੍ਰਤੀ ਦਿਨ ਜਾਂ 1500 ਆਈ.ਯੂ ਦੀ ਉਪਰਲੀ ਖੁਰਾਕ ਸਹਿਣਸ਼ੀਲ ਸੀਮਾਂ ਤੱਕ ਵੱਧ ਜਾਂਦੀ ਹੈ।

**ਵੱਖ-ਵੱਖ ਭੋਜਨ ਵਸਤੂਆਂ ਦੇ ਆਕਾਰ ਲਈ ਹਵਾਲੇ** : ਵਿਅਕਤੀਗਤ ਤੌਰ ਦੇ ਵਿਅਕਤੀ ਦਾ ਰੋਜ਼ਾਨਾ ਸੇਵਨ ਉਸ ਭੋਜਨ ਤੇ ਨਿਰਭਰ ਕਰਦਾ ਹੈ ਜੋ ਇੱਕ ਵਿਅਕਤੀ ਇਸਦੇ ਪਰੋਸਣ ਵਾਲੇ ਆਕਾਰ ਦੇ ਸੰਬੰਧ ਵਿੱਚ ਖਾਂਦਾ ਹੈ। ਕਣਕ ਜਰਮ ਤੇਲ ਦੇ ਇੱਕ ਚੱਮਚ ਵਿੱਚ 20.3 ਮਿਲੀਗ੍ਰਾਮ ਵਿਟਾਮਿਨ ਈ ਹੁੰਦਾ ਹੈ, ਜਦੋਂ ਕਿ ਇਹ ਮਾਤਰਾ ਸੂਰਜਮੁਖੀ, ਬਦਾਮ, ਕੇਸਰ, ਚੌਲ, ਅਲਸੀ, ਮੱਕੀ ਅਤੇ ਸੋਇਆਬੀਨ ਦੇ ਤੇਲ ਵਿਚ ਕ੍ਰਮਵਾਰ 5.6 ਮਿਲੀਗ੍ਰਾਮ, 5.3 ਮਿਲੀਗ੍ਰਾਮ, 4.6 ਮਿਲੀਗ੍ਰਾਮ, 4.4 ਮਿਲੀਗ੍ਰਾਮ, 2.4 ਮਿਲੀਗ੍ਰਾਮ, 1.9 ਮਿਲੀਗ੍ਰਾਮ ਅਤੇ 1.1 ਮਿਲੀਗ੍ਰਾਮ ਹੁੰਦੀ ਹੈ। ਗਿਰੀਆਂ ਅਤੇ ਬੀਜਾਂ ਦੇ ਮਾਮਲੇ ਵਿਚ, ਸੁੱਕੇ ਭੁੰਨੇ ਹੋਏ ਸੂਰਜਮੁਖੀ ਦੇ 1 ਔਂਸ ਬੀਜਾਂ ਵਿਚ ਵਿਟਾਮਿਨ ਹੀ 7.4 ਮਿਲੀਗ੍ਰਾਮ ਹੁੰਦਾ ਹੈ। ਜਦੋਂ ਕਿ ਇਹ ਮਾਤਰਾ, ਸੁੱਕੇ ਭੁੱਨੇ ਹੋਏ ਬਦਾਮ ਵਿਚ 6.8 ਮਿਲੀਗ੍ਰਾਮ ਪ੍ਰਤੀ ਔਂਸ, ਸੁੱਕੇ ਭੁੰਨੇ ਹੋਏ ਹੇਜ਼ਲਨਟਸ ਵਿੱਚ 3.3 ਮਿਲੀਗ੍ਰਾਮ ਪ੍ਰਤੀ ਔਂਸ, ਸੁੱਕੀ ਭੁੰਨੀ ਮੂੰਗਫਲੀ ਵਿਚ 2.2 ਮਿਲੀਗ੍ਰਾਮ ਪ੍ਰਤੀ ਔਂਸ ਅਤੇ ਭੁੰਨੇ ਹੋਏ ਖਰਬੂਜੇ ਦੇ ਬੀਜ ਵਿਚ 1.1 ਮਿਲੀਗ੍ਰਾਮ ਪ੍ਰਤੀ ਔਂਸ ਹੁੰਦੀ ਹੈ। ਬਦਾਮ/ਮੂੰਗਫਲੀ ਦੇ ਮੱਖਣ ਦੇ ਦੋ ਚੱਮਚ ਵਿਚ 8.0 ਮਿਲੀਗ੍ਰਾਮ/2.9 ਮਿਲੀਗ੍ਰਾਮ ਵਿਟਾਮਿਨ ਈ ਹੁੰਦਾ ਹੈ। ਫਲਾਂ ਵਿੱਚ, ਐਵੋਕਾਡੋ ਦੇ ਅੱਧੇ ਫਲ ਵਿੱਚ 4.0 ਮਿਲੀਗ੍ਰਾਮ ਵਿਟਾਮਿਨ ਈ ਹੁੰਦਾ ਹੈ। ਇੱਕ ਮੀਡੀਅਮ ਕੀਵੀ ਫਲ ਵਿਚ 1.1 ਮਿਲੀਗ੍ਰਾਮ ਅਤੇ ਕੱਟੇ ਹੋਏ ਅੰਬ ਦੇ ਅੱਧੇ ਪਿਆਲੇ ਵਿੱਚ 0.7 ਮਿਲੀਗ੍ਰਾਮ ਹੁੰਦਾ ਹੈ। ਸਬਜ਼ੀਆਂ ਵਿਚ ਉਬਲੇ ਹੋਏ ਪਾਲਕ ਦੇ ਅੱਧੇ ਕੱਪ ਵਿੱਚ 1.9 ਮਿਲੀਗ੍ਰਾਮ ਵਿਟਾਮਿਨ ਈ ਹੁੰਦਾ ਹੈ। ਜਦੋਂ ਕਿ ਇਹ ਮਾਤਰਾ ਕੱਟੀ ਅਤੇ ਉੱਬਲੀ ਹੋਈ ਬਰੋਕਲੀ ਦੇ ਅੱਧੇ ਕੱਪ ਵਿਚ 1.1 ਮਿਲੀਗ੍ਰਾਮ ਹੁੰਦੀ ਹੈ। ਇੱਕ ਦਰਮਿਆਨੇ ਕੱਚੇ ਟਮਾਟਰ ਵਿਚ 0.7 ਮਿਲੀਗ੍ਰਾਮ ਵਿਟਾਮਿਨ ਈ ਹੁੰਦਾ ਹੈ ਅਤੇ ਇੱਕ ਕੱਪ ਕੱਚੇ ਪਾਲਕ ਵਿਚ 0.6 ਮਿਲੀਗ੍ਰਾਮ ਵਿਟਾਮਿਨ ਈ ਹੁੰਦਾ ਹੈ। ਅੱਧਾ ਕੱਪ ਡੱਬਾ ਬੰਦ ਟਮਾਟਰ ਦੀ ਚਟਨੀ ਵਿਚ 3.0 ਮਿਲੀਗ੍ਰਾਮ ਵਿਟਾਮਿਨ ਈ ਹੁੰਦਾ ਹੈ ਅਤੇ 120 ਗ੍ਰਾਮ ਕਣਕ ਵਿਚ 1.0 ਮਿਲੀਗ੍ਰਾਮ ਵਿਟਾਮਿਨ ਈ ਹੁੰਦਾ ਹੈ।



# ਡੇਅਰੀ ਪਸ਼ੂਆਂ ਵਿਚ ਥਨੈਲਾ ਦੀ ਬਿਮਾਰੀ, ਬਚਾਅ ਅਤੇ ਰੋਕਥਾਮ

**ਥਨੈਲਾ ਰੋਗ ਕੀ ਹੈ ?**

ਥਨੈਲਾ ਰੋਗ ਇਕ ਅਜਿਹੀ ਬਿਮਾਰੀ ਹੈ ਜਿਸ ਵਿਚ ਡੇਅਰੀ ਪਸ਼ੂਆਂ ਦੇ ਲੇਵੇ ਵਿਚ ਟਿਸ਼ੂਆਂ ਦੀ ਗੰਭੀਰ ਸੋਜਸ਼ ਹੁੰਦੀ ਹੈ। ਇਹ ਆਮ ਤੌਰ ਤੇ ਥਣ ਦੇ ਅੰਦਰ ਜੀਵਾਣੂਆਂ ਦੇ ਹਮਲੇ ਕਾਰਨ ਪ੍ਰਤੀਰੋਧਕ ਪ੍ਰਤੀਕ੍ਰਿਆ ਵਜੋਂ ਵਾਪਰਦਾ ਹੈ। ਇਸ ਤੋਂ ਇਲਾਵਾ ਲੇਵੇ ਨੂੰ ਗਲਤ ਤਰੀਕੇ ਦੀ ਚੁਆਈ ਕਾਰਨ ਲੱਗੀ ਸੱਟ ਦੇ ਨਤੀਜੇ ਵਜੋਂ ਵੀ ਇਹ ਬਿਮਾਰੀ ਹੋ ਸਕਦੀ ਹੈ। ਬਿਮਾਰੀ ਦਾ ਖਤਰਾ ਉਸ ਵਕਤ ਵਧ ਜਾਂਦਾ ਹੈ ਜਦੋਂ ਪਸ਼ੂਆਂ ਦੇ ਢਾਰੇ ਚੰਗੀ ਤਰ੍ਹਾਂ ਸਾਫ ਨਾ ਹੋਣ, ਫਰਸ਼ ਗਿੱਲਾ ਰਹਿੰਦਾ ਹੋਵੇ, ਚੁਆਈ ਦਾ ਤਰੀਕਾ ਗਲਤ ਹੋਵੇ, ਦੁੱਧ ਚੋਣ ਵਾਲੀ ਮਸ਼ੀਨ ਦੀ ਸਫਾਈ ਨਾ ਹੋਵੇ ਜਾਂ ਪਸ਼ੂ ਵਿਚ ਰੋਗਾਂ ਨਾਲ ਲੜਨ ਦੀ ਪ੍ਰਤੀਰੋਧਕ ਸ਼ਕਤੀ ਘੱਟ ਹੋਵੇ। ਥਨੈਲਾ ਰੋਗ ਵਿਚ ਲੇਵੇ ਦੀ ਸੋਜ ਦੋ ਕਿਸਮ ਦੀ ਹੁੰਦੀ ਹੈ : ਸਪਸ਼ਟ ਸੋਜ ਅਤੇ ਗੁੱਝੀ ਸੋਜ

**ਸਪਸ਼ਟ ਸੋਜ** : ਇਸ ਵਿਚ ਪਸ਼ੂ ਦੇ ਥਣਾਂ ਅਤੇ ਲੇਵੇ ਨੂੰ ਦੇਖਣ ਤੇ ਥਨੈਲਾ ਰੋਗ ਦੇ ਲੱਛਣ ਸਪਸ਼ਟ ਵੇਖਣ ਨੂੰ ਮਿਲਦੇ ਹਨ, ਜਿਵੇਂ ਲੇਵੇ ਦੀ ਸੋਜ,



ਕਠੋਰਤਾ, ਲਾਲੀ। ਇਸ ਕਾਰਨ ਦੁੱਧ ਉਤਪਾਦਨ ਵਿਚ ਗਿਰਾਵਟ, ਦੁੱਧ ਵਿਚ ਛਿੱਦੀਆਂ, ਦੁੱਧ ਵਿਚ ਖੂਨ ਆਦਿ ਦੇਖਣ ਨੂੰ ਮਿਲਦੇ ਹਨ।

**ਗੁੱਝੀ ਸੋਜ** : ਇਸ ਵਿਚ ਲੇਵੇ ਨੂੰ ਬਾਹਰ ਤੋਂ ਦੇਖਣ ਤੇ ਰੋਗ ਨਜ਼ਰ ਨਹੀਂ ਆਉਂਦਾ ਪਰ ਦੁੱਧ ਉਤਪਾਦਨ ਵਿਚ ਗਿਰਾਵਟ ਵੇਖਣ ਨੂੰ ਮਿਲ ਸਕਦੀ ਹੈ। ਇਸ ਬਿਮਾਰੀ ਦਾ ਪਤਾ ਨਹੀਂ ਲਗਦਾ, ਇਸ ਲਈ ਇਹ ਜ਼ਰੂਰੀ ਹੈ ਕਿ ਆਪਣੇ ਪਸ਼ੂਆਂ ਦਾ ਮਹੀਨੇ ਵਿਚ ਇਕ ਜਾਂ 2 ਵਾਰੀ ਕੈਲੀਫੋਰਨੀਆ ਮੈਸਟਾਈਟਿਸ ਟੈਸਟ (ਸੀ ਐਮ ਟੀ) ਹੇਠ ਲਿਖੇ ਅਨੁਸਾਰ ਕਰੋ।

**ਕੈਲੀਫੋਰਨੀਆ ਮੈਸਟਾਈਟਿਸ ਟੈਸਟ** : ਇਸ ਟੈਸਟ ਵਿਚ ਇਕ ਖਾਸ ਕਿਸਮ ਦਾ ਰਸਾਇਣ ਅਤੇ ਚਾਰ ਕੱਪਾਂ ਵਾਲਾ ਪੈਡਲ/ਕੱਪ ਵਰਤਿਆ ਜਾਂਦਾ ਹੈ। ਚਾਰੇ ਥਣਾਂ ਵਿੱਚੋਂ 2-3 ਮਿਲੀਲੀਟਰ ਦੁੱਧ ਪੈਡਲ ਦੇ ਕੱਪਾਂ ਵਿਚ ਲਵੋ। ਲਗਭਗ ਉਨੀਂ ਹੀ ਮਾਤਰਾ ਵਿਚ ਹਰ ਇਕ ਕੱਪ ਵਿਚ ਰਸਾਇਣ ਪਾਓ। ਪੈਡਲ ਨੂੰ ਘੁਮਾ ਕੇ ਘੋਲ ਨੂੰ ਮਿਲਾਓ ਅਤੇ ਨਤੀਜਾ ਹੇਠ ਅਨੁਸਾਰ ਪੜ੍ਹੋ :

| ਕੈਲੀਫੋਰਨੀਆ ਮੈਸਟਾਈਟਿਸ ਟੈਸਟ ਦਾ ਨਤੀਜਾ | ਰੋਗ ਦੀ ਕਿਸਮ |
|---|---|
| ਘੋਲ ਤਰਲ ਹੀ ਰਹਿੰਦਾ ਹੈ | ਕੋਈ ਸੋਜ ਨਹੀਂ |
| ਪੈਡਲ ਟੇਡਾ ਕਰਨ ਤੇ ਘੋਲ ਹੇਠ ਪਤਲੀ ਲੇਸ ਦਿਖਾਈ ਦਿੰਦੀ ਹੈ | ਸੋਜ ਦਾ ਸ਼ੱਕ |
| ਘੋਲ ਸੰਘਣਾ ਹੋ ਜਾਂਦਾ ਹੈ ਅਤੇ ਘੁਮਾਉਣ ਸਮੇਂ ਗੁੰਦ ਵਰਗੀ ਲੇਸ ਦਿਖਾਈ ਦਿੰਦੀ ਹੈ | ਗੁੱਝੀ ਸੋਜ ਹੋਣਾ |
| ਘੁਮਾਉਣ ਸਮੇਂ ਘੋਲ ਦਾ ਗੁੰਦ ਵਰਗਾ ਗੁਲੱਫਾ ਦਿਖਾਈ ਦਿੰਦਾ ਹੈ। | ਸਪਸ਼ਟ ਸੋਜ |

**ਇਲਾਜ** : ਬਿਮਾਰੀ ਦੀ ਹੋਂਦ ਚ ਜਲਦੀ ਅਪਣੇ ਇਲਾਕੇ ਵਿਚ ਮੌਜੂਦ ਡਾਕਟਰ ਦੀ ਸਲਾਹ ਲਵੋ ਅਤੇ ਇਲਾਜ ਸ਼ੁਰੂ ਕਰਵਾ ਦਿਓ।

**ਬਚਾਅ ਅਤੇ ਰੋਕਥਾਮ** : ਪਸ਼ੂ ਦੀ ਚੁਆਈ ਵਾਲੀ ਜਗ੍ਹਾ ਅਤੇ ਚੁਆਈ ਸਾਫ ਸੁਥਰੀ ਹੋਣੀ ਚਾਹੀਦੀ ਹੈ। ਚੁਆਈ ਸਹੀ ਢੰਗ ਨਾਲ 5-10 ਮਿੰਟਾਂ ਵਿੱਚ ਹੋ ਜਾਣੀ ਚਾਹੀਦੀ ਹੈ ਅਤੇ ਥਣਾਂ ਵਿਚ ਦੁੱਧ ਨਹੀਂ ਛੱਡਣਾ ਚਾਹੀਦਾ। ਚੁਆਈ ਕਰਨ ਤੋਂ ਬਾਅਦ ਥਣਾਂ ਨੂੰ ਬੀਟਾਡੀਨ ਅਤੇ ਗਲਿਸਰੀਨ ਦੇ 3:1 ਹਿੱਸਿਆਂ ਦੇ ਘੋਲ ਵਿਚ ਡੋਬਾ ਦੇਣਾ ਚਾਹੀਦਾ ਹੈ। ਕੋਸ਼ਿਸ਼ ਕਰੋ ਪਸ਼ੂ ਚੁਆਈ ਤੋਂ ਬਾਅਦ 20-30 ਮਿੰਟਾਂ ਤਕ ਖੜ੍ਹਾ ਰਹੇ। ਸਮੇਂ ਸਮੇਂ ਤੇ ਦੁੱਧ ਦਾ ਟੈਸਟ ਸੀ ਐਮ ਟੀ ਰਾਹੀਂ ਕਰੋ। ਡਾਕਟਰ ਦੀ ਸਲਾਹ ਲੈ ਕੇ ਗੱਭਣ ਪਸ਼ੂ ਨੂੰ ਆਖਰੀ ਦੋ ਮਹੀਨੇ ਵਿੱਚ ਦੁੱਧ ਛੱਡਣ ਵੇਲੇ ਥਣਾਂ ਵਿਚ ਟਿਊਬ ਚੜ੍ਹਾ ਦੇਣੀ ਚਾਹੀਦੀ ਹੈ।

ਗੁਰਲਾਲ ਸਿੰਘ ਗਿੱਲ ਅਤੇ ਗੁਰਪ੍ਰੀਤ ਸਿੰਘ ਮੱਕੜ,
ਕ੍ਰਿਸ਼ੀ ਵਿਗਿਆਨ ਕੇਂਦਰ, ਫਰੀਦਕੋਟ (ਮੋ.86999-00016)

# ਬਰਸਾਤ ਰੁੱਤ ਵਿੱਚ ਸ਼ਹਿਦ ਮੱਖੀ ਕਟੂੰਬਾਂ ਦੀ ਸਾਂਭ-ਸੰਭਾਲ



**ਕਟੂੰਬਾਂ ਦਾ ਨਿਰੀਖਣ ਅਤੇ ਸਫਾਈ** : ਬਰਸਾਤ ਰੁੱਤ ਦੇ ਸ਼ੁਰੂ ਵਿਚ ਕਟੂੰਬਾਂ ਦਾ ਨਿਰੀਖਣ ਕਰਨਾ ਬਹੁਤ ਜ਼ਰੂਰੀ ਹੁੰਦਾ ਹੈ। ਬਾਟਮ ਬੋਰਡ ਤੇ ਪਈ ਰਹਿੰਦ-ਖੂੰਹਦ ਵਿਚ ਮੋਮ-ਕੀੜੇ ਦੀਆਂ ਸੁੰਡੀਆਂ ਪਲਣੀਆਂ ਸ਼ੁਰੂ ਹੋ ਜਾਂਦੀਆਂ ਹਨ ਜੋ ਕਿ ਫਿਰ ਛੱਤਿਆਂ ਤੇ ਹਮਲਾ ਕਰ ਦਿੰਦੀਆਂ ਹਨ। ਇਸ ਲਈ ਜ਼ਰੂਰੀ ਹੈ ਕਿ ਬਰਸਾਤ ਰੁੱਤ ਦੇ ਸ਼ੁਰੂ ਤੋਂ ਹੀ ਹਾਈਵ ਦੀ ਸਫਾਈ ਦਾ ਖਿਆਲ ਰੱਖੋ। ਬਾਟਮ ਬੋਰਡ ਤੋਂ ਕੂੜਾ-ਕਰਕਟ ਇਕੱਠਾ ਕਰਕੇ ਡੂੰਘਾ ਦੱਬ ਜਾਂ ਸਾੜ ਦੇਵੋ। ਕਦੇ-ਕਦੇ ਬਾਟਮ ਬੋਰਡ ਨੂੰ ਧੁੱਪ ਲਗਵਾਓ ਤਾਂ ਕਿ ਤਰੇੜਾਂ ਅਤੇ ਜੋੜਾਂ ਵਿਚ ਲੁਕੀਆਂ ਮੋਮ-ਕੀੜੇ ਦੀਆਂ ਸੁੰਡੀਆਂ ਮਰ ਜਾਣ।

**ਕਮਜ਼ੋਰ ਅਤੇ ਰਾਣੀ ਰਹਿਤ ਕਟੂੰਬਾਂ ਨੂੰ ਜੋੜਨਾ** : ਕਮਜ਼ੋਰ ਕਟੂੰਬ ਰਾਬਿੰਗ ਅਤੇ ਸ਼ਹਿਦ ਮੱਖੀਆਂ ਦੇ ਦੁਸ਼ਮਣਾਂ ਲਈ ਆਸਾਨ ਨਿਸ਼ਾਨਾ ਬਣ ਜਾਂਦੇ ਹਨ। ਇਸ ਲਈ ਕਮਜ਼ੋਰ ਕਟੂੰਬਾਂ ਨੂੰ ਸਿਫਾਰਸ਼ ਕੀਤੇ ਅਖਬਾਰ ਵਾਲੇ ਢੰਗ ਨਾਲ ਜੋੜ ਦੇਵੋ। ਇਸ ਢੰਗ ਵਿਚ ਕਟੂੰਬ ਦਾ ਉਪਰਲਾ ਅਤੇ ਅੰਦਰਲਾ ਢੱਕਣ ਉਤਾਰ ਕੇ ਉਸ ਉੱਪਰ ਬਰੀਕ ਮੋਰੀਆਂ ਕੀਤਾ ਅਖਬਾਰ ਰੱਖੋ ਅਤੇ ਦੂਸਰੇ ਕਟੂੰਬ ਨੂੰ ਬਿਨਾਂ ਬਾਟਮ ਬੋਰਡ ਦੇ ਚੱਕ ਕੇ ਅਖਬਾਰ ਦੇ ਉੱਤੇ ਰੱਖ ਦਿਉ। ਦੋ ਦਿਨਾਂ ਵਿਚ ਦੋਵੇਂ ਕਟੂੰਬ ਮਿਲ ਕੇ ਇੱਕ ਪਰਿਵਾਰ ਵਾਂਗ ਕੰਮ ਕਰਨਾ ਸ਼ੁਰੂ ਕਰ ਦੇਣਗੇ। ਜੇਕਰ ਕੋਈ ਕਟੂੰਬ ਰਾਣੀ ਰਹਿਤ ਹੈ ਤਾਂ ਉਸ ਨੂੰ ਰਾਣੀ ਵਾਲੇ ਕਟੂੰਬ ਨਾਲ ਉੱਪਰ ਦਿੱਤੀ ਵਿਧੀ ਨਾਲ ਜੋੜ ਦਿਉ।



**ਕਟੂੰਬਾਂ ਨੂੰ ਹਵਾਦਾਰ ਬਨਾਉਣਾ ਅਤੇ ਪਾਣੀ ਦੀ ਮਾਰ ਤੋਂ ਬਚਾਉਣਾ** : ਪਾਣੀ ਦੀ ਮਾਰ ਤੋਂ ਕਟੂੰਬਾਂ ਦੇ ਬਚਾਅ ਲਈ ਸ਼ਹਿਦ ਮੱਖੀ ਫਾਰਮ ਆਸ-ਪਾਸ ਨਾਲੋਂ ਉੱਚੀ ਜਗ੍ਹਾ ਰੱਖੋ। ਗਰਮੀ, ਸਿੱਲ੍ਹ ਅਤੇ ਹਵਾ ਰੁਕਣ ਨਾਲ ਕਟੂੰਬ ਵਿਚ ਹੁੰਮਸ ਜਿਹਾ ਹੋ ਜਾਂਦਾ ਹੈ। ਜਿਸ ਕਰਕੇ ਮੱਖੀਆਂ ਹਾਈਵ ਦੇ ਗੇਟ ਅੱਗੇ ਝੁੰਡ ਬਣਾ ਕੇ ਲਮਕਦੀਆਂ ਨਜ਼ਰ ਆਉਂਦੀਆਂ ਹਨ। ਇਸ ਲਈ ਵਰਖਾ ਰੁੱਤ ਵਿਚ ਕਟੂੰਬਾਂ ਨੂੰ ਹਵਾਦਾਰ ਬਨਾਉਣਾ ਜ਼ਰੂਰੀ ਹੁੰਦਾ ਹੈ ਜਿਸ ਲਈ ਹੇਠ ਲਿਖੇ ਉਪਰਾਲੇ ਕਰੋ :

★ ਹਾਈਵ ਦੇ ਆਸੇ-ਪਸਿਉਂ ਘਾਹ-ਫੂਸ ਕੱਟ ਦਿਉ ਅਤੇ ਝਾੜੀਆਂ ਅਤੇ ਦਰਖਤਾਂ ਦੀਆਂ ਬਹੁਤ ਨੀਵੀਆਂ ਟਾਹਣੀਆਂ, ਜੋ ਹਵਾ ਲਈ ਰੁਕਾਵਟ ਬਣਦੀਆਂ ਹੋਣ, ਨੂੰ ਛਾਂਗ ਦੇਵੋ।

**ਜਸਪਾਲ ਸਿੰਘ, ਅਮਿਤ ਚੌਧਰੀ ਅਤੇ ਭਾਰਤੀ ਮੋਹਿੰਦਰੂ,**
**ਕੀਟ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ** (ਮੋ. 80546-04967)

★ ਹਾਈਵ ਦੇ ਗੇਟ ਨੂੰ ਪੂਰਾ ਖੋਲ੍ਹ ਦਿਉ, ਜੇਕਰ ਕਟੂੰਬ ਵਿਚ ਕਾਮਾ ਮੱਖੀਆਂ ਦੀ ਗਿਣਤੀ ਬਹੁਤ ਜ਼ਿਆਦਾ ਹੋਵੇ ਤਾਂ ਗੇਟ ਵਾਲੀ ਸਾਰੀ ਦੀ ਸਾਰੀ ਫੱਟੀ ਕੱਢਣੀ ਵੀ ਸਹੀ ਹੁੰਦੀ ਹੈ।

★ ਤਕੜੇ ਕਟੂੰਬ ਦੇ ਸੁਪਰ ਚੈਂਬਰ ਵਿਚ ਦੂਜਾ ਗੇਟ ਬਣਾ ਕੇ ਵੀ ਉਸ ਨੂੰ ਵਧੇਰੇ ਹਵਾਦਾਰ ਬਣਾਇਆ ਜਾ ਸਕਦਾ ਹੈ।

★ ਸੁਪਰ ਚੈਂਬਰ ਨੂੰ ਬਰੂਡ ਚੈਂਬਰ ਤੋਂ ਮਾਮੂਲੀ ਜਿਹਾ ਅੱਗੇ ਜਾਂ ਪਿੱਛੇ ਖਿਸਕਾ ਦਿਉ ਤਾਂ ਕਿ ਇਨ੍ਹਾਂ ਵਿਚਕਾਰ ਅਜਿਹੀ ਪਤਲੀ ਜਿਹੀ ਝੀਥ ਜਿਹੀ ਬਣ ਜਾਵੇ ਜਿਸ ਵਿੱਚੋਂ ਹਵਾ ਤਾਂ ਆ ਜਾ ਸਕੇ ਪਰ ਮੱਖੀਆਂ ਨਾ ਲੰਘ ਸਕਣ। ਦੋ ਚੈਂਬਰਾਂ ਦੇ ਵਿਚਕਾਰ ਪਤਲੇ-ਪਤਲੇ ਤੀਲੇ ਰੱਖ ਕੇ ਵੀ ਅਜਿਹੀ ਝੀਥ ਪੈਦਾ ਕੀਤੀ ਜਾ ਸਕਦੀ ਹੈ।

**ਵਾਧੂ ਛੱਤੇ ਸੰਭਾਲਣਾ** : ਬਰਸਾਤ ਰੁੱਤ ਵਿਚ ਸ਼ਹਿਦ ਮੱਖੀਆਂ ਦੀ ਗਿਣਤੀ ਘੱਟ ਜਾਣ ਕਾਰਨ ਬਹੁਤ ਸਾਰੇ ਬਣੇ-ਬਣਾਏ ਛੱਤੇ ਖਾਲੀ ਹੋ ਜਾਂਦੇ ਹਨ। ਜਿਨ੍ਹਾਂ ਤੇ ਮੱਖੀਆਂ ਕੰਮ ਨਹੀਂ ਕਰਦੀਆਂ। ਇਨ੍ਹਾਂ ਖਾਲੀ ਛੱਤਿਆਂ ਤੇ ਮੋਮ-ਕੀੜਾ ਬੜੀ ਤੇਜ਼ੀ ਨਾਲ ਪਲਦਾ ਰਹਿੰਦਾ ਹੈ ਅਤੇ ਇਨ੍ਹਾਂ ਕੀਮਤੀ ਛੱਤਿਆਂ ਨੂੰ ਬਰਬਾਦ ਕਰ ਦਿੰਦਾ ਹੈ। ਹੌਲੀ-ਹੌਲੀ ਮੋਮ-ਕੀੜੇ ਦੀ ਗਿਣਤੀ ਵਧਣ ਨਾਲ ਇਸ ਦਾ ਹਮਲਾ ਮੱਖੀਆਂ ਵਾਲੇ ਛੱਤਿਆਂ ਤੇ ਵੀ ਹੋ ਜਾਂਦਾ ਹੈ। ਇਸ ਲਈ ਖਾਲੀ ਛੱਤਿਆਂ ਨੂੰ ਕੱਢ ਕੇ ਖਾਲੀ ਚੈਂਬਰਾਂ ਵਿੱਚ ਪਾਉ ਅਤੇ ਸਿਫਾਰਸ਼ ਕੀਤੇ ਢੰਗ ਮੁਤਾਬਿਕ ਹਵਾਬੰਦ ਕਮਰੇ ਜਾਂ ਸੁਪਰ ਚੈਂਬਰਾਂ ਵਿਚ ਸਲਫਰ ਦੀ ਧੂਣੀ ਦੇ ਕੇ ਸੰਭਾਲੋ।

**ਖੁਰਾਕ ਦੇਣੀ** : ਸ਼ਹਿਦ ਮੱਖੀਆਂ ਨੂੰ ਜ਼ਿੰਦਾ ਰੱਖਣ ਅਤੇ ਸਰੀਰਕ ਵਾਧੇ ਲਈ ਕਈ ਖੁਰਾਕੀ ਤੱਤਾਂ ਦੀ ਜ਼ਰੂਰਤ ਹੁੰਦੀ ਹੈ ਜਿਹੜੇ ਕਿ ਉਨ੍ਹਾਂ ਨੂੰ ਨੈਕਟਰ ਅਤੇ ਪਰਾਗ ਤੋਂ ਮਿਲਦੇ ਹਨ। ਬਰਸਾਤ ਰੁੱਤ ਵਿਚ ਬਹੁਤਿਆਂ ਇਲਾਕਿਆਂ ਵਿਚ ਪਰਾਗ ਜਾਂ ਨੈਕਟਰ ਜਾਂ ਦੋਹਾਂ ਦੀ ਹੀ ਘਾਟ ਹੋ ਜਾਂਦੀ ਹੈ। ਖੁਰਾਕ ਦੀ ਇਸ ਘਾਟ ਨੂੰ ਪੂਰਾ ਕਰਨ ਲਈ ਕਟੂੰਬਾਂ ਨੂੰ ਉਨ੍ਹਾਂ ਦੀ ਲੋੜ ਅਨੁਸਾਰ ਖੰਡ ਅਤੇ ਪਾਣੀ ਦਾ ਘੋਲ ਜਾਂ ਜਮ੍ਹਾਂ ਕੀਤਾ ਹੋਇਆ ਪਰਾਗ ਜਾਂ ਪਰਾਗ ਪੂਰਕ ਦਿੱਤਾ ਜਾ ਸਕਦਾ ਹੈ।

**ਖੁਰਾਕ ਦੀ ਚੋਰੀ (ਰਾਬਿੰਗ) ਦੀ ਰੋਕਥਾਮ** : ਹਾਈਵ ਦੀਆਂ ਸਾਰੀਆਂ ਵਿਰਲਾਂ ਝੀਥਾਂ ਨੂੰ ਗਾਰੇ ਨਾਲ ਲਿੱਪ ਕੇ ਜਾਂ ਟੇਪ ਨਾਲ ਮੱਖੀ ਬੰਦ ਕਰ ਦਿਉ। ਹਾਈਵ ਦਾ ਗੇਟ ਛੋਟਾ ਕਰ ਦਿਉ ਤਾਂ ਕਿ ਮੱਖੀਆਂ ਇੱਕ-ਇੱਕ ਕਰਕੇ ਹੀ ਕਟੂੰਬ ਵਿਚ ਦਾਖਲ ਹੋਣ ਜਾਂ ਬਾਹਰ ਨਿਕਲਣ। ਇਸ ਤਰ੍ਹਾਂ ਕਰਨ ਨਾਲ ਪਹਿਰੇਦਾਰ ਮੱਖੀਆਂ ਚੋਰੀ ਕਰ ਰਹੀਆਂ ਮੱਖੀਆਂ ਨੂੰ ਅੰਦਰ ਵੜਨ ਤੋਂ ਬੇਹਤਰ ਰੋਕ ਸਕਣਗੀਆਂ। ਖੁਰਾਕ ਹਮੇਸ਼ਾਂ ਸਾਰੇ ਕਟੂੰਬਾਂ ਨੂੰ ਇੱਕੋ ਦਿਨ ਸਿਰਫ ਸ਼ਾਮ ਦੇ ਸਮੇਂ, ਤਕਰੀਬਨ ਸਾਰੀਆਂ ਮੱਖੀਆਂ ਕਟੂੰਬ ਅੰਦਰ ਵਾਪਸ ਆ ਗਈਆਂ ਹੋਣ, ਹੀ ਦੇਣੀ ਚਾਹੀਦੀ ਹੈ। ਖੁਰਾਕ ਦੇਣ ਸਮੇਂ ਖੁਰਾਕ ਹਾਈਵ ਦੇ ਉੱਪਰ ਜਾਂ ਬਾਹਰ ਨਾ ਡੁੱਲ੍ਹੇ। ਜੇਕਰ ਫਿਰ ਵੀ ਸ਼ਹਿਦ ਮੱਖੀਆਂ ਦੇ ਕਟੂੰਬਾਂ ਵਿਚ ਰਾਬਿੰਗ ਸ਼ੁਰੂ ਹੋ ਜਾਵੇ ਤਾਂ ਹੇਠ ਲਿਖੇ ਉਪਰਾਲੇ ਕਰੋ :

★ ਹਰੇਕ ਹਾਈਵ ਦਾ ਗੇਟ ਛੋਟਾ ਕਰ ਕੇ ਇਕ ਮੱਖੀ ਨਿਕਲਣ ਜੋਗਾ ਕਰ ਦਿਉ। ਪਰ ਇਸ ਗੱਲ ਦਾ ਖਿਆਲ ਰੱਖੋ ਕਿ ਕਟੂੰਬ ਵਿਚ ਲੋੜੀਂਦੀ ਹਵਾ ਪ੍ਰਵੇਸ਼ ਹੋ ਸਕੇ।

★ ਗਿੱਲੇ ਘਾਹ ਨੂੰ ਕਾਰਬੋਲਿਕ ਐਸਿਡ (1%) ਵਿਚ ਡੁਬੋ ਕੇ ਕਟੂੰਬ ਦੇ ਗੇਟ ਤੇ ਰੱਖਣ ਨਾਲ ਵੀ ਰਾਬਿੰਗ ਨੂੰ ਰੋਕਿਆ ਜਾ ਸਕਦਾ ਹੈ।

★ ਜੇਕਰ ਰਾਬਿੰਗ ਬਹੁਤ ਹੀ ਜ਼ਿਆਦਾ ਹੋ ਰਹੀ ਹੋਵੇ ਤਾਂ ਚੋਰੀ ਹੋ ਰਹੇ ਕਟੂੰਬ ਦਾ ਗੇਟ ਕੁਝ ਸਮੇਂ ਲਈ ਜਾਲੀ ਨਾਲ ਬੰਦ ਕਰ ਦੇਣਾ ਚਾਹੀਦਾ ਹੈ।

★ ਜੇਕਰ ਉੱਪਰ ਦੱਸੇ ਤਰੀਕਿਆਂ ਨਾਲ ਵੀ ਰਾਬਿੰਗ ਬੰਦ ਨਾ ਹੋਵੇ ਤਾਂ ਰਾਬਿੰਗ ਕਰ ਰਹੇ ਕਟੂੰਬ ਨੂੰ ਲੱਭ ਕੇ ਰਾਤ ਦੇ ਸਮੇਂ ਘੱਟੋ-ਘੱਟ ਤਿੰਨ ਕਿਲੋਮੀਟਰ ਦੀ ਦੂਰੀ ਤੇ ਲੈ ਜਾਵੋ। ਜੇਕਰ ਕਟੂੰਬ ਨੂੰ ਦੂਰ ਲੈ ਜਾਣ ਦਾ ਪ੍ਰਬੰਧ ਨਾ ਹੋਵੇ ਤਾਂ ਚੋਰੀ ਹੋ ਰਹੇ ਅਤੇ ਚੋਰੀ ਕਰ ਰਹੇ ਕਟੂੰਬਾਂ ਦੀ ਆਪਸ ਵਿਚ ਜਗ੍ਹਾ ਬਦਲਦਾ ਵੀ ਰਾਬਿੰਗ ਬੰਦ ਕਰਨ ਵਿਚ ਸਹਾਈ ਹੁੰਦਾ ਹੈ।



ਖੇਤੀ ਦੁਨੀਆਂ
ਵੱਲੋਂ
ਕਿਸਾਨ ਭਰਾਵਾਂ ਅਤੇ ਡੀਲਰ/ਡਿਸਟਰੀਬਿਊਟਰਾਂ ਲਈ
ਚੰਦਿਆਂ 'ਤੇ ਵਿਸ਼ੇਸ਼ ਛੂਟ
ਡਾਕ ਰਾਹੀਂ ਪ੍ਰਾਪਤ ਕਰਨ ਲਈ ਚੰਦੇ
ਇੱਕ ਸਾਲ ਲਈ 500/- ਰੁਪਏ
ਦੋ ਸਾਲ ਲਈ 750/- ਰੁਪਏ
ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

ਵਿਸ਼ੇਸ਼ ਆਫਰ
ਖੇਤੀ ਦੁਨੀਆਂ
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ
ਸਾਲਾਨਾ ਚੰਦਾ
ਸਿਰਫ 100/-* ਰੁਪਏ

KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

Excellence in Agri Info
KHETI DUNIYAN
An Exclusive Agril. Weekly
ਖੇਤੀ ਦੁਨੀਆਂ
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : khetiduniyan1983@gmail.com

# ਪੰਜਾਬ 'ਚ ਬੇਹੱਦ ਗੰਭੀਰ ਹੈ ਵਾਤਾਵਰਨ ਵਿੱਚ ਆ ਰਿਹਾ ਨਿਘਾਰ



ਪੰਜਾਬ ਦੇ ਖੇਤਾਂ ਦੀ 75 ਫੀਸਦੀ ਸਿੰਚਾਈ ਦਰਿਆਵਾਂ ਜਾਂ ਨਹਿਰਾਂ ਦੀ ਬਜਾਏ ਧਰਤੀ ਹੇਠਲੇ ਪਾਣੀ ਜਾਂ ਟਿਊਬਵੈਲਾਂ ਰਾਹੀਂ ਹੋ ਰਹੀ ਹੈ। ਬੇਕਾਬੂ ਘਰੇਲੂ ਖਪਤ ਤੇ ਅੰਨ੍ਹੇਵਾਹ ਪਾਣੀ ਦੀ ਸਨਅਤੀ ਵਰਤੋਂ ਵੀ ਨਿਘਾਰ ਦਾ ਕਾਰਨ ਹੈ, ਉਪਰੋਂ ਆਲਮੀ ਤਪਸ਼ ਤੇ ਜੰਗਲਾਂ ਦੀ ਕਟਾਈ ਨੇ ਮੀਂਹਾਂ ਦੀ ਕਿੱਲਤ ਪੈਦਾ ਕੀਤੀ ਹੈ। ਹਾਲਾਤ ਇਹ ਹਨ ਕਿ 23 ਜ਼ਿਲ੍ਹਿਆਂ ਵਿਚੋਂ 18 ਜ਼ਿਲ੍ਹਿਆਂ ਵਿਚ ਧਰਤੀ ਹੇਠਲੇ ਪੀਣਯੋਗ ਪਾਣੀ ਦਾ ਪੱਧਰ ਹਰ ਸਾਲ ਇਕ ਮੀਟਰ ਤੇ ਕਰੀਬ ਘੱਟ ਰਿਹਾ ਹੈ।

ਪੰਜਾਬ 'ਚ ਵਾਤਾਵਰਨ ਦਾ ਨਿਘਾਰ ਲਗਾਤਾਰ ਜਾਰੀ ਹੈ ਜੰਗਲਾਂ ਦੀ ਅੰਨ੍ਹੇਵਾਹ ਕਟਾਈ ਇਸਦਾ ਵੱਡਾ ਕਾਰਨ ਹੈ। ਦੇਸ਼ ਦੀ ਵੰਡ ਵੇਲੇ ਪੰਜਾਬ 'ਚ ਜੰਗਲਾਤ ਤਹਿਤ ਰਕਬਾ 40 ਫੀਸਦੀ ਸੀ, ਜੋ ਹੁਣ ਘੱਟ ਕੇ 3.7 ਫੀਸਦੀ ਰਹਿ ਗਿਆ ਹੈ। ਮਾਹਿਰਾਂ ਦੀ ਰਾਇ ਅਨੁਸਾਰ ਵਸੋਂ ਲਈ ਵਧੀਆ ਵਾਤਾਵਰਨ ਵਾਸਤੇ ਧਰਤੀ ਦੇ 33 ਫੀਸਦੀ ਹਿੱਸੇ ਉਪਰ ਜੰਗਲ ਹੋਣਾ ਜ਼ਰੂਰੀ ਹੈ। ਫਿਕਰ ਵਾਲੀ ਗੱਲ ਤਾਂ ਇਹ ਹੈ ਕਿ ਪੰਜਾਬ ਦਾ ਜੋ ਜੰਗਲੀ ਰਕਬਾ ਬਚਿਆ-ਖੁਚਿਆ ਹੈ, ਉਹ ਮਕਾਨ ਉਸਾਰੀ ਅਤੇ ਉਦਯੋਗਿਕ ਪਸਾਰੇ ਦੀ ਮਾਰ ਹੇਠ ਹੈ।

ਪੰਜਾਬ ਦੀ ਆਬੋ-ਹਵਾ ਪਲੀਤ ਹੋ ਰਹੀ ਹੈ। ਸੂਬੇ 'ਚ ਪੀਣ ਵਾਲੇ ਪਾਣੀ ਦੀ ਘਾਟ ਹੋ ਗਈ ਹੈ। ਗੰਦੇ ਪਾਣੀ ਨੇ ਸਾਡੇ ਸਾਫ-ਸੁਥਰੇ ਦਰਿਆਵਾਂ ਦਾ ਪਾਣੀ ਤੱਕ ਪਲੀਤ ਕਰ ਦਿੱਤਾ ਹੈ। ਇਹ ਪਾਣੀ ਕੈਂਸਰ ਆਦਿ ਭਿਆਨਕ ਬਿਮਾਰੀਆਂ ਨੂੰ ਜਨਮ ਦੇ ਰਿਹਾ ਹੈ। ਕੋਇਲੇ ਨਾਲ ਚੱਲਣ ਵਾਲੇ ਬਿਜਲੀ ਕਾਰਖਾਨਿਆਂ 'ਚੋਂ ਨਿਕਲਦੇ ਰਸਾਇਣ, ਵਿਕੀਰਣ ਕਿਰਨਾਂ ਤੇ ਬਦਬੂਦਾਰ ਹਵਾ ਨੇ ਨਵਜੰਮੇ ਬੱਚਿਆਂ ਦੇ ਦਿਮਾਗ ਤੇ ਜਿਸਮਾਂ ਵਿਚ ਸਿਹਤ ਸੰਬੰਧੀ ਸਮੱਸਿਆਵਾਂ ਪੈਦਾ ਕਰ ਦਿੱਤੀਆਂ ਹਨ। ਪੰਜਾਬ ਦੀ ਹਵਾ ਦੂਸ਼ਿਤ ਹੈ, ਪੰਜਾਬ ਦਾ ਪਾਣੀ ਗੰਦਲਾ ਹੈ, ਪਾਣੀ ਦੀ ਥੁੜ੍ਹ ਪੰਜਾਬ ਨੂੰ ਚਿਤਾਵਨੀ ਦੇ ਰਹੀ ਹੈ। ਕੀ ਪੰਜਾਬ, ਹਵਾ, ਪਾਣੀ ਤੇ ਅੰਨ ਤੋਂ ਬਿਨਾਂ ਆਪਣੀ ਹੋਂਦ ਦੀ ਕਲਪਨਾ ਵੀ ਕਰ ਸਕਦਾ ਹੈ?

ਵੀਹਵੀਂ ਸਦੀ ਦੇ ਸ਼ੁਰੂ ਵਿਚ ਵਧਦੀ ਹੋਈ ਵਸੋਂ ਕਾਰਨ ਜਦੋਂ ਦੇਸ਼ ਭੁੱਖਮਰੀ ਦੇ ਕਿਨਾਰੇ ਸੀ, ਅੰਗਰੇਜ਼ੀ ਸਾਸ਼ਨ ਦੌਰਾਨ ਪੰਜਾਬ ਦੇ ਮਿਹਨਤਕਸ਼ ਕਿਸਾਨਾਂ-ਮਜ਼ਦੂਰਾਂ ਨੇ ਪਾਣੀ ਦੇ ਬਲਬੂਤੇ ਪੰਜਾਬ 'ਚ ਅੰਨ ਉਗਾ ਕੇ ਦੇਸ਼ ਦੀ ਬਾਂਹ ਫੜੀ ਸੀ। ਅਜ਼ਾਦੀ ਤੋਂ ਬਾਅਦ ਫਿਰ ਇਕ ਵੇਰ ਹਰੇ ਇਨਕਲਾਬ ਦੌਰਾਨ ਪੰਜਾਬੀ ਕਿਸਾਨਾਂ ਨੇ ਧਰਤੀ ਦਾ ਸੀਨਾ ਪਾੜ ਕੇ ਤੇ ਪੰਜਾਬ ਦੀ ਧਰਤੀ ਹੇਠਲੇ ਪਾਣੀਆਂ ਦੀ ਇੰਤਹਾ ਵਰਤੋਂ ਕਰਕੇ ਦੇਸ਼ ਵਿਚ ਭੁੱਖਮਰੀ ਦਾ ਸਾਹਮਣਾ ਕਰ ਰਹੇ ਲੋਕਾਂ ਦੇ ਮੂੰਹ 'ਚ ਅਨਾਜ ਪਾਇਆ ਸੀ। ਪਰ ਪੰਜਾਬ ਨੂੰ ਇਸ ਦੀ ਕੀਮਤ ਹੁਣ ਚੁਕਾਉਣੀ ਪੈ ਰਹੀ ਹੈ। ਧਰਤੀ ਹੇਠਲਾ ਪਾਣੀ ਇਸ ਕਦਰ ਮੁੱਕਦਾ ਜਾ ਰਿਹਾ ਹੈ ਤੇ ਮਾਹਿਰਾਂ ਵਲੋਂ ਚਿਤਾਵਨੀ ਮਿਲ ਰਹੀ ਹੈ ਕਿ ਜੇਕਰ ਪੰਜਾਬ ਦੇ ਪੰਜ ਦਰਿਆਵਾਂ (ਢਾਈ ਦਰਿਆਵਾਂ) ਦੀ ਧਰਤੀ ਪੰਜਾਬ ਦੇ ਪਾਣੀ ਦੀ ਇੰਜ ਹੀ ਵਰਤੋਂ ਹੁੰਦੀ ਰਹੀ ਤਾਂ 21 ਵੀਂ ਸਦੀ ਦੇ ਅੱਧ ਜਿਹੇ ਵਿਚ ਭਾਵ ਅਗਲੇ 20 ਵਰ੍ਹਿਆਂ ਵਿਚ ਹੀ ਪੰਜਾਬ ਦੀ ਧਰਤੀ ਮਾਰੂਥਲ ਬਣ ਜਾਏਗੀ।

ਉਂਝ ਪੰਜਾਬ ਹੀ ਨਹੀਂ ਪੂਰਾ ਦੇਸ਼ ਧਰਤੀ ਹੇਠਲੇ ਪਾਣੀ ਦੇ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਸੰਨ 2021 ਦੀ ਇਕ ਸਰਕਾਰੀ ਰਿਪੋਰਟ ਅਨੁਸਾਰ 2004 ਤੋਂ 2017 ਦੇ ਵਿਚਕਾਰ ਭਾਰਤ ਵਿਚ ਧਰਤੀ ਹੇਠਲੇ ਪਾਣੀ ਦੀ ਵਰਤੋਂ 58 ਤੋਂ 63 ਫੀਸਦੀ ਵਧੀ ਹੈ। ਜੇਕਰ

**ਗੁਰਮੀਤ ਸਿੰਘ ਪਲਾਹੀ**
ਮੋ. 98158-02070

ਧਰਤੀ ਹੇਠਲੇ ਪਾਣੀ ਦੀ ਸਥਿਤੀ ਇਹੋ ਜਿਹੀ ਹੀ ਰਹੀ ਤਾਂ ਪੀਣ ਵਾਲੇ ਪਾਣੀ ਦੀਆਂ ਪ੍ਰੇਸ਼ਾਨੀਆਂ 80 ਫੀਸਦੀ ਤੱਕ ਵਧ ਜਾਣਗੀਆਂ। ਗਰਮੀਆਂ ਦੇ ਦਿਨਾਂ 'ਚ ਦੇਸ਼ ਦੇ ਕਈ ਹਿੱਸਿਆਂ 'ਚ ਪਾਣੀ ਦੀ ਕਿੱਲਤ ਆ ਜਾਂਦੀ ਹੈ। ਪਾਣੀ ਲਈ ਹਿੰਸਕ ਝਗੜੇ ਹੁੰਦੇ ਹਨ। ਅਜਮੇਰ/ਰਾਜਸਥਾਨ ਦੇ ਇਕ ਵਕੀਲ ਨੇ ਇਸ ਕਰਕੇ ਖੁਦਕੁਸ਼ੀ ਕਰ ਲਈ ਕਿ ਸਾਧਨ ਹੋਣ ਦੇ ਬਾਵਜੂਦ ਵੀ ਉਹ ਆਪਣੇ ਪਰਿਵਾਰ ਲਈ ਪਾਣੀ ਦਾ ਵਾਜਬ ਪ੍ਰਬੰਧ ਨਹੀਂ ਸੀ ਕਰ ਸਕਿਆ।

ਹਾਲਾਤ ਪੰਜਾਬ 'ਚ ਵੀ ਚਿੰਤਾਜਨਕ ਹਨ। ਪੰਜਾਬ 'ਚ ਸਿੰਚਾਈ ਦੇ ਸਾਧਨਾਂ ਦਾ ਮੁੱਖ ਸਰੋਤ ਧਰਤੀ ਹੇਠਲਾ ਪਾਣੀ ਹੈ



। ਨਹਿਰੀ ਪਾਣੀ ਦੀ ਵਰਤੋਂ ਪੂਰੀ ਤਰ੍ਹਾਂ ਨਹੀਂ ਹੋ ਰਹੀ। ਬਰਸਾਤੀ ਪਾਣੀ ਨੂੰ ਸੰਭਾਲਿਆ ਨਹੀਂ ਜਾ ਰਿਹਾ। ਪੰਜਾਬ ਦੀਆਂ ਝੀਲਾਂ ਤੇ ਜਲਗਾਹਾਂ ਦਿਨ-ਬ-ਦਿਨ ਘਟ ਰਹੇ ਹਨ। ਵੰਡ ਤੋਂ ਬਾਅਦ ਇਨ੍ਹਾਂ ਦਾ ਰਕਬਾ ਬੇਹੱਦ ਘੱਟ ਗਿਆ ਹੈ। ਹਰੀਕੇ, ਰੋਪੜ, ਕਾਂਜਲੀ, ਰਣਜੀਤ ਸਾਗਰ ਅਤੇ ਨੰਗਲ ਦੀਆਂ ਝੀਲਾਂ ਵੱਲ ਤਾਂ ਥੋੜ੍ਹਾ ਧਿਆਨ ਦਿੱਤਾ ਜਾਂਦਾ ਹੈ ਪਰ ਕਾਹਨੂੰਵਾਨ ਛੰਭ, ਬਰੋਟਾ, ਲਹਿਲ ਕਲਾਂ ਵਰਗੀਆਂ ਝੀਲਾਂ ਨਜ਼ਰ ਅੰਦਾਜ਼ ਹਨ। ਪਿੰਡਾਂ ਵਿਚ ਛੱਪੜ, ਸ਼ਹਿਰਾਂ 'ਚ ਤਲਾਅ ਲਗਭਗ ਪੱਧਰੇ ਕਰ ਦਿੱਤੇ ਗਏ ਹਨ। ਅੱਜਕੇ ਪੰਜਾਬ ਦੇ ਹਾਲਾਤ ਇਹ ਹਨ ਕਿ ਅਸੀਂ ਜਿੰਨਾ ਪਾਣੀ ਧਰਤੀ 'ਚੋਂ ਕੱਢਦੇ ਹਾਂ ਉਹਦਾ ਅੱਧਾ-ਕੁ ਹੀ ਵਾਪਿਸ ਕਰਦੇ ਹਾਂ। ਰੀ-ਚਾਰਜਿੰਗ ਕਰਨਾ ਤਾਂ ਅਸੀਂ ਭੁੱਲ ਹੀ ਗਏ ਹਾਂ। ਰੀ-ਚਾਰਜਿੰਗ ਤਾਂ ਮੀਂਹ ਜਾਂ ਦਰਿਆਵਾਂ ਦੇ ਪਾਣੀ ਦੇ ਜੀਰਨ ਨਾਲ ਹੁੰਦੀ ਹੈ, ਜਦੋਂ ਇਹ ਪਾਣੀ ਧਰਤੀ ਦੀਆਂ ਪਰਤਾਂ ਵਿਚ ਵੀ ਛਣਕੇ ਐਕੁਈਫਰਜ਼ ਨੂੰ ਫਿਰ ਤੋਂ ਲਬਰੇਜ਼ ਕਰਦਾ ਹੈ, ਪਰ ਅਸੀਂ ਧਰਤੀ ਹੇਠਲੇ ਪਾਣੀ ਦੇ ਪੱਤਣਾ ਦੀ ਪ੍ਰਵਾਹ ਕਰਨੀ ਹੀ ਛੱਡ ਦਿੱਤੀ ਹੈ। ਖੂਹਾਂ ਦਾ ਮਿੱਠਾ ਪਾਣੀ ਜੋ ਤਿੰਨ-ਚਾਰ ਮੀਟਰ 'ਤੇ ਹੀ ਸਾਨੂੰ ਮਿਲ ਜਾਂਦਾ ਸੀ, ਹੁਣ ਉਸ ਲਈ ਤਾਂ ਅਸੀਂ ਜਿਵੇਂ ਤਰਸ ਹੀ ਗਏ ਹਾਂ।

ਪੰਜਾਬ ਦੇ ਖੇਤਾਂ ਦੀ 75 ਫੀਸਦੀ ਸਿੰਚਾਈ ਦਰਿਆਵਾਂ ਜਾਂ ਨਹਿਰਾਂ ਦੀ ਬਜਾਏ ਧਰਤੀ ਹੇਠਲੇ ਪਾਣੀ ਜਾਂ ਟਿਊਬਵੈਲਾਂ ਰਾਹੀਂ ਹੋ ਰਹੀ ਹੈ। ਬੇਕਾਬੂ ਘਰੇਲੂ ਖਪਤ ਤੇ ਅੰਨ੍ਹੇਵਾਹ ਪਾਣੀ ਦੀ ਸਨਅਤੀ ਵਰਤੋਂ ਵੀ ਨਿਘਾਰ ਦਾ ਕਾਰਨ ਹੈ, ਉਪਰੋਂ ਆਲਮੀ ਤਪਸ਼ ਤੇ ਜੰਗਲਾਂ ਦੀ ਕਟਾਈ ਨੇ ਮੀਂਹਾਂ ਦੀ ਕਿੱਲਤ ਪੈਦਾ ਕੀਤੀ ਹੈ। ਹਾਲਾਤ ਇਹ ਹਨ ਕਿ 23 ਜ਼ਿਲ੍ਹਿਆਂ ਵਿਚੋਂ 18 ਜ਼ਿਲ੍ਹਿਆਂ ਵਿਚ ਧਰਤੀ ਹੇਠਲੇ ਪੀਣਯੋਗ ਪਾਣੀ ਦਾ ਪੱਧਰ ਹਰ ਸਾਲ ਇਕ ਮੀਟਰ ਤੇ ਕਰੀਬ ਘੱਟ ਰਿਹਾ ਹੈ।

ਜਿਥੇ ਜੰਗਲਾਂ ਦੀ ਕਟਾਈ ਨੇ ਪੰਜਾਬ ਪਲੀਤ ਕੀਤਾ ਹੈ, ਧਰਤੀ ਹੇਠਲੇ ਪਾਣੀ ਦੀ ਦੁਰਵਰਤੋਂ ਤੇ ਗੰਦੇ ਪਾਣੀ ਨੇ ਪੰਜਾਬ ਲਈ ਚੈਲਿੰਜ ਖੜ੍ਹੇ ਕੀਤੇ ਹੋਏ ਹਨ, ਉਥੇ ਮਸ਼ੀਨੀ ਖੇਤੀ ਤੋਂ ਪੈਦਾ ਹੋਣ ਵਾਲਾ ਪ੍ਰਦੂਸ਼ਣ ਪੰਜਾਬ ਨੂੰ ਤਬਾਹੀ ਦੇ ਕੰਢੇ ਲੈ ਜਾ ਰਿਹਾ ਹੈ।

ਦੇਸ਼ ਵਿਚ ਕਣਕ ਦੀ ਪੈਦਾਵਾਰ ਦਾ 60 ਫੀਸਦੀ ਤੇ ਚੌਲਾਂ ਦਾ 40 ਫੀਸਦੀ ਪੰਜਾਬ ਵਿਚ ਰਸਾਇਣਾਂ ਨਾਲ ਹੀ ਪੈਦਾ ਹੁੰਦਾ ਹੈ। ਰਸਾਇਣਕ ਖਾਦਾਂ, ਨਦੀਨ ਨਾਸ਼ਕਾਂ ਤੇ ਕੀਟਨਾਸ਼ਕਾਂ ਦੀ ਹੱਦੋਂ ਵੱਧ ਵਰਤੋਂ ਨੇ ਮਿੱਟੀ ਤੇ ਪਾਣੀ ਦੋਵਾਂ ਨੂੰ ਜ਼ਹਿਰੀਲਾ ਬਣਾਉਣ ਦੇ ਨਾਲ-ਨਾਲ ਖੇਤੀ ਨੂੰ ਜੈਵਿਕ ਤੌਰ 'ਤੇ ਮਾਲਾ-ਮਾਲ ਕਰਨ ਵਾਲੇ ਜ਼ਰੂਰੀ ਤੱਤਾਂ ਤੋਂ ਮਹਿਰੂਮ ਕਰ ਦਿੱਤਾ ਹੈ। ਹੁਣ ਮਿੱਟੀ ਦੀ ਤਾਸੀਰ ਪੌਸ਼ਟਿਕਤਾ ਤੋਂ ਇਸ ਕਦਰ ਵਾਂਝੀ ਹੋ ਗਈ ਹੈ ਕਿ ਬਿਨਾਂ ਰਸਾਇਣਾਂ ਦੇ ਸਹਾਰੇ ਤੋਂ ਹੁਣ ਇਹ ਆਪਣੇ ਬਲਬੂਤੇ ਕੁਝ ਵੀ ਉਪਜਾਉਣ ਜੋਗੀ ਨਹੀਂ ਰਹੀ। ਫਸਲਾਂ ਦੀਆਂ ਬਿਮਾਰੀਆਂ 'ਤੇ ਵੀ ਹੁਣ ਰਸਾਇਣ ਅਸਰ ਕਰਨੋਂ ਹਟ ਗਏ ਹਨ, ਜਿਸ ਕਰਕੇ ਹੋਰ ਵੀ ਮਹਿੰਗੇ ਨਵੇਂ ਕਿਸਮ ਦੇ ਰਸਾਇਣਾਂ ਦੀ ਵਰਤੋਂ ਕਰਨੀ ਪੈਂਦੀ ਹੈ। ਇਨ੍ਹਾਂ ਰਸਾਇਣਾਂ ਨੇ ਕਈ ਥਾਈਂ ਭੂਮੀਗਤ ਪਾਣੀ ਖਾਰਾ ਤੇ ਜ਼ਹਿਰੀਲਾ ਕਰ ਦਿੱਤਾ ਹੈ। ਸਿੱਟਾ ਇਹ ਹੈ ਕਿ ਰਸਾਇਣਕ ਖੇਤੀ ਨਾਲ ਪਾਣੀ ਤੇ ਹਵਾ-ਦੋਵਾਂ ਦੇ ਵਧੇ ਪ੍ਰਦੂਸ਼ਣ ਕਾਰਨ ਰਾਜ ਵਿਚ ਕੈਂਸਰ ਦੀ ਬਿਮਾਰੀ ਭਿਆਨਕ ਰੂਪ ਧਾਰਨ ਕਰ ਗਈ ਹੈ।

ਪੰਜਾਬ 'ਚ ਲੋਕਾਂ ਦੀ ਜੀਵਨ ਸ਼ੈਲੀ ਬਦਲੀ ਹੈ। ਗੱਡੀਆਂ ਦੀ ਗਿਣਤੀ ਵਧੀ ਹੈ, ਟਰੈਫਿਕ ਵਧੀ ਹੈ, ਹਾਦਸੇ ਵਧੇ ਹਨ, ਏਅਰ ਕੰਡੀਸ਼ਨਰ ਵਧੇ ਹਨ ਪਲਾਸਟਿਕ ਦੇ ਲਫਾਫੇ, ਬੋਤਲਾਂ, ਥੈਲੇ ਦੀ ਵਰਤੋਂ ਖਤਰਨਾਕ ਹੱਦ ਤੱਕ ਹੋਈ ਹੈ। ਪੱਛਮੀ ਤਰਜ਼ ਦੀਆਂ ਪੁਸ਼ਾਕਾਂ, ਡੱਬਾਬੰਦ ਭੋਜਨ, ਵਾਸ਼ਿੰਗ ਮਸ਼ੀਨਾਂ, ਡਰਾਇਰ ਆਦਿ ਨੇ ਸਾਡਾ ਰਹਿਣ ਸਹਿਣ ਬਦਲ ਦਿੱਤਾ ਹੈ। ਕੋਠੀਆਂ 'ਚ ਪੱਥਰ ਦੀ ਵਰਤੋਂ ਨੇ ਹਰੇ-ਭਰੇ ਪੰਜਾਬ ਨੂੰ ਰੇਗਿਸਤਾਨ ਬਣਾਉਣ ਦੇ ਰਾਹ ਤੋਰ ਦਿੱਤਾ ਹੈ। ਕਦੇ ਅਸੀਂ ਖੁਰਾਕੀ ਤੌਰ 'ਤੇ ਸਵੈ-ਨਿਰਭਰ ਸਾਂ। ਸਬਜ਼ੀਆਂ ਖੇਤਾਂ 'ਚ ਉਗਾਉਂਦੇ ਸਾਂ। ਫਲਾਂ ਦੀ ਸਾਡੀ ਚੰਗੀ ਪੈਦਾਵਾਰ ਸੀ। ਅੰਬਾਂ ਦੇ ਬਾਗ ਸਾਡੀ ਵਿਰਾਸਤ ਦਾ ਹਿੱਸਾ ਸਨ। ਮੱਕੀ, ਜੌਂ, ਜਵਾਰ, ਬਾਜਰਾ, ਗੰਨਾ, ਨਰਮਾ, ਦਾਲਾਂ, ਛੋਲੇ, ਅਸੀਂ ਆਪ ਉਗਾਉਂਦੇ ਸਾਂ। ਅੱਜ ਅਸੀਂ ਮਹਿੰਗੇ ਭਾਅ ਇਨ੍ਹਾਂ ਦੀ ਖਰੀਦ ਕਰਦੇ ਹਾਂ ਕਿਉਂਕਿ ਅਸੀਂ ਫਸਲਾਂ 'ਤੇ ਬੀਜਾਂ ਲਈ ਦੂਸਰਿਆਂ 'ਤੇ ਨਿਰਭਰ ਹੋ ਰਹੇ ਹਾਂ।

ਆਧੁਨਿਕ ਜੀਵਨ ਸ਼ੈਲੀ ਨੇ ਭਾਵੇਂ ਸਾਨੂੰ ਸਹੂਲਤਾਂ ਦਿੱਤੀਆਂ ਹਨ ਪਰ ਸਾਫੇ ਲਈ ਕਈ ਹੋਰ ਮੁਸੀਬਤਾਂ ਖੜ੍ਹੀਆਂ ਕੀਤੀਆਂ ਹਨ। ਹਵਾ ਦੀ ਪਲੀਤਗੀ ਉਨ੍ਹਾਂ ਚੋਂ ਇਕ ਹੈ। ਕਾਰਖਾਨਿਆਂ, ਭੱਠਿਆਂ ਅਤੇ ਬਿਜਲੀ ਇਕਾਈਆਂ 'ਚੋਂ ਨਿਕਲਦਾ ਕਾਲਾ ਧੂੰਆਂ ਹਵਾ ਪ੍ਰਦੂਸ਼ਣ 'ਚ ਜ਼ਿਆਦਾ ਯੋਗਦਾਨ ਪਾਉਂਦਾ ਹੈ। ਇਥੇ ਹੀ ਬੱਸ ਨਹੀਂ ਪੰਜਾਬ ਦੇ ਸ਼ਹਿਰ ਏਨਾਂ ਕੂੜਾ-ਕਚਰਾ ਪੈਦਾ ਕਰਦੇ ਹਨ ਕਿ ਸਾਂਭਿਆ ਨਹੀਂ ਜਾ ਰਿਹਾ। ਮੱਖੀਆਂ-ਮੱਛਰਾਂ, ਕੀੜਿਆਂ-ਮਕੌੜਿਆਂ, ਚੂਹਿਆਂ ਦੀ ਭਰਮਾਰ ਹੋ ਗਈ ਹੈ। ਪਲਾਸਟਿਕ ਦੇ ਲਿਫਾਫੇ ਤੇ ਬੋਤਲਾਂ ਉੱਤੇ ਭਾਵੇਂ ਪਾਬੰਦੀ ਹੈ, ਪਰ ਇਨ੍ਹਾਂ ਦੀ ਵਰਤੋਂ ਸ਼ਰੇਆਮ ਹੈ।

ਸਾਡੇ ਪੁਰਖੇ ਸਾਡੇ ਲਈ ਖੂਬਸੂਰਤ ਜ਼ਮੀਨ 'ਤੇ ਪਾਣੀ ਦੀ ਵਿਰਾਸਤ ਛੱਡ ਕੇ ਗਏ ਪਰ ਅਸੀਂ ਆਪਣੀ ਅਗਲੀ ਪੀੜ੍ਹੀ ਪੱਲੇ ਬਦਬੂਦਾਰ ਵਿਗੜਿਆ ਵਾਤਾਵਰਨ ਪਾ ਰਹੇ ਹਾਂ। ਸਾਡੇ ਵਲੋਂ ਕੀਤੀ ਜਾ ਰਹੀ ਅਜੀਬ ਜਿਹੀ ਅਲਗਰਜ਼ੀ ਸਾਡੀ ਜ਼ਿੰਦਗੀ ਰੋਜ਼ੀ-ਰੋਟੀ ਤੇ ਮਾਂ-ਭੋਇੰ ਨੂੰ ਬਹੁਤ ਭਾਰੀ ਪੈ ਰਹੀ ਹੈ। ਇਸ ਸਭ ਕੁਝ ਦਾ ਦੋਸ਼ ਸਾਡਾ ਸਭਨਾਂ ਦਾ ਸਾਂਝਾ ਹੈ। ਸਰਕਾਰ ਤੇ ਲੋਕਾਂ ਦਾ ਗੈਰ-ਜ਼ਿੰਮੇਵਾਰਾਨਾ ਰਵੱਈਆ ਪੰਜਾਬ ਦਾ ਵਾਤਾਵਰਨ ਦੇ ਵਿਗਾੜ ਦਾ ਵੱਡਾ ਕਾਰਨ ਹੈ। ਅਸੀਂ ਸਭ ਕੁਝ ਸਮਝ ਕੇ ਵੀ ਅੱਖਾਂ ਮੀਟੀ ਬੈਠੇ ਹਾਂ। ਵਿਅਕਤੀ ਅਤੇ ਸਮੂਹਿਕ ਪੱਧਰ ਦੇ ਵਾਤਾਵਰਨ ਸੁਧਾਰ ਦੇ ਯਤਨਾਂ ਦੀ ਘਾਟ ਸਾਨੂੰ ਅੱਖਰਦੀ ਹੈ।

ਸਰਕਾਰੀ ਨੀਤੀਆਂ ਤੇ ਕਾਨੂੰਨ ਸਭ ਕਾਗਜ਼ੀ ਦਿਸ ਰਹੇ ਹਨ। ਇਕੱਲੇ ਇਕਹਿਰੇ ਯਤਨ ਪੰਜਾਬ ਦੇ ਵਿਗੜ ਰਹੇ ਵਾਤਾਵਰਨ ਨੂੰ ਸੁਆਰ ਨਹੀਂ ਸਕਦੇ। ਕਿਸੇ ਨੇ ਸੋਚਿਆ ਹੀ ਨਹੀਂ ਹੋਏਗਾ ਕਿ ਕਦੇ ਆਪਣੀ ਚੰਗੀ ਰਹਿਤਲ ਤੇ ਪਾਣੀਆਂ ਦੇ ਨਾਂਅ 'ਤੇ ਜਾਣੇ ਜਾਂਦੇ ਪੰਜਾਬ ਨੂੰ ਆਹ ਦਿਨ ਵੀ ਦੇਖਣੇ ਪੈਣਗੇ। ਪਤਾ ਨਹੀਂ ਅਸੀਂ ਇਹ ਸਮਝ ਕਿਉਂ ਨਹੀਂ ਰਹੇ ਕਿ ਪੰਜਾਬ ਕੋਲ ਪਾਣੀ ਨੂੰ ਛੱਡ ਕੇ ਹੋਰ ਕੋਈ ਕੁਦਰਤੀ ਸਰੋਤ ਨਹੀਂ ਹੈ। ਪਾਣੀ ਜਾਂ ਤਾਂ ਮੁੱਕ ਰਿਹਾ ਹੈ ਜਾਂ ਜ਼ਹਿਰੀਲਾ ਹੋ ਰਿਹਾ ਹੈ ਤੇ ਜਾਂ ਇਸ 'ਤੇ ਸਿਆਸੀ ਸੰਨ੍ਹ ਲਾਈ ਜਾ ਰਹੀ ਹੈ। ਹਵਾ ਇਸ ਧਰਤੀ ਦੀ ਪ੍ਰਦੂਸ਼ਣੀ ਤੱਤਾਂ ਨਾਲ ਭਰੀ ਪਈ ਹੈ। ਹਰ ਸਾਲ ਪੰਜਾਬ ਦਾ ਤਾਪਮਾਨ ਵਧਦਾ ਜਾ ਰਿਹਾ ਹੈ। ਪਤਾ ਨਹੀਂ ਕਿਉਂ ਫਿਰ ਵੀ ਅਸੀਂ ਇਸ ਸਥਿਤੀ ਤੋਂ ਭੈ-ਭੀਤ ਕਿਉਂ ਨਹੀਂ ਹੋ ਰਹੇ?

ਸਰਕਾਰਾਂ, ਸੰਸਥਾਵਾਂ, ਹਰ ਵਰ੍ਹੇ ਲੱਖਾਂ ਪੌਦੇ ਲਾਉਣ ਦਾ ਦਾਅਵਾ ਕਰਦੀਆਂ ਹਨ, ਪਰ ਇਨ੍ਹਾਂ 'ਚੋਂ ਬਚਦੇ ਕਿੰਨੇ ਹਨ? ਜਿਸ ਢੰਗ ਨਾਲ ਪੰਜਾਬ ਤਬਾਹ ਹੋ ਰਿਹਾ ਹੈ, ਇਸ ਦਾ ਵਾਤਾਵਰਨ ਪਲੀਤ ਹੋ ਰਿਹਾ ਹੈ, ਉਹ ਵੱਡੀ ਚਿੰਤਾ ਦਾ ਵਿਸ਼ਾ ਹੈ। ਕਿੰਨੇ ਕੁ ਯਤਨ ਪੰਜਾਬ ਨੂੰ ਹਰਿਆ-ਭਰਿਆ ਰੱਖਣ ਲਈ ਸਾਡੀਆਂ ਧਾਰਮਿਕ, ਸਮਾਜਿਕ ਸੰਸਥਾਵਾਂ ਕਰਦੀਆਂ ਹਨ? ਬਿਨਾਂ ਸ਼ੱਕ ਪਾਣੀ, ਹਵਾ, ਆਵਾਜ਼ ਪ੍ਰਦੂਸ਼ਣ ਵਰਗੇ ਪ੍ਰਦੂਸ਼ਣ ਦੇ ਨਾਲ-ਨਾਲ ਮਨਾਂ ਦੇ ਪ੍ਰਦੂਸ਼ਣ ਨੂੰ ਡੱਕਾ ਲਾਉਣ ਦੀ ਵੀ ਲੋੜ ਹੈ। ਨਰੋਆ ਅਤੇ ਖੁਸ਼ਹਾਲ ਪੰਜਾਬ ਬਣਾਉਣ ਦੇ ਨਾਹਰੇ ਪੰਜਾਬ ਦਾ ਕੁਝ ਸੁਆਰ ਨਹੀਂ ਸਕਦੇ, ਸਿਆਸੀ ਇੱਛਾ ਸ਼ਕਤੀ ਨਾਲ ਗਿੱਠ ਕੇ ਕੀਤੇ ਸਮੂਹਿਕ ਯਤਨ ਹੀ ਉੱਜੜ ਰਹੇ ਪੰਜਾਬ ਦੇ ਮੁੜ ਵਸੇਬੇ ਲਈ ਸਾਰਥਿਕ ਹੋ ਸਕਦੇ ਹਨ।

# ਪੰਜਾਬ ਦੀ ਨਵੀਂ ਖੇਤੀ ਵਿਭਿੰਨਤਾ ਸਕੀਮ ਦਾ ਕੱਚ-ਸੱਚ



**ਡਾ. ਕੇਸਰ ਸਿੰਘ ਭੰਗੂ**
ਸਾਬਕਾ ਡੀਨ ਅਤੇ ਪ੍ਰੋਫੈਸਰ,
ਪੰਜਾਬੀ ਯੂਨੀਵਰਸਿਟੀ ਪਟਿਆਲਾ,
ਮੋ. 98154-27127

ਭਾਰਤ ਜਦੋਂ ਅਨਾਜ ਦੀ ਪੈਦਾਵਾਰ ਦੀ ਬਹੁਤ ਵੱਡੀ ਘਾਟ ਝੱਲ ਰਿਹਾ ਸੀ ਅਤੇ ਲੋਕਾਂ ਨੂੰ ਖੁਰਾਕ ਮੁਹੱਈਆ ਕਰਵਾਉਣ ਲਈ ਅਨਾਜ ਦੂਜੇ ਦੇਸ਼ਾਂ ਤੋਂ ਦਰਾਮਦ ਕਰਨਾ ਪੈਂਦਾ ਸੀ, ਉਸ ਵਕਤ ਪੰਜਾਬ 'ਚ ਹਰੀ ਕ੍ਰਾਂਤੀ ਆਉਣ ਨਾਲ ਸੂਬਾ ਦੇਸ਼ ਦਾ ਅਨਾਜ ਭੰਡਾਰ ਬਣ ਗਿਆ, ਜਿਸ ਨੇ ਦੇਸ਼ ਨੂੰ ਲੋੜੀਂਦੀ ਖੁਰਾਕ ਸੁਰੱਖਿਆ ਪ੍ਰਦਾਨ ਕੀਤੀ। ਸੂਬੇ 'ਚ ਵੱਧ ਝਾੜ ਦੇਣ ਵਾਲੀਆਂ ਫਸਲਾਂ, ਨਕਦੀ ਫਸਲਾਂ, ਸਾਲ ਦੌਰਾਨ ਦੋ ਫਸਲਾਂ ਅਤੇ ਆਰਥਿਕ ਸਰਗਰਮੀਆਂ ਦਾ ਪਸਾਰਾ ਹੋਣ ਨਾਲ ਵੱਖ-ਵੱਖ ਉਦੇਸ਼ਾਂ ਲਈ ਪਾਣੀ ਦੀ ਮੰਗ 'ਚ ਤੇਜ਼ੀ ਨਾਲ ਵਾਧਾ ਹੋਇਆ। ਨਤੀਜੇ ਵਜੋਂ ਸੂਬੇ ਦੇ ਉਪਲਬਧ ਜਲ ਸਰੋਤਾਂ ਦੀ ਬਹੁਤ ਜ਼ਿਆਦਾ ਵਰਤੋਂ ਹੋਣਾ ਸੁਭਾਵਿਕ ਸੀ। ਸਮੇਂ ਦੇ ਨਾਲ ਪੰਜਾਬ ਦੀ ਖੇਤੀ ਦੋ-ਫਸਲੀ, ਕਣਕ-ਝੋਨੇ, ਦੀ ਖੇਤੀ ਹੀ ਬਣ ਗਈ। ਲੰਬੇ ਸਮੇਂ ਤੋਂ ਕਣਕ-ਝੋਨੇ ਦੀ ਖੇਤੀ ਹੀ ਬਣ ਗਈ। ਲੰਬੇ ਸਮੇਂ ਤੋਂ ਕਣਕ-ਝੋਨੇ ਦੀਆਂ ਫਸਲਾਂ ਦੀ ਬਿਜਾਈ ਨੇ ਸੂਬੇ 'ਚ ਉਪਲਬਧ ਪਾਣੀ ਦੇ ਸਰੋਤਾਂ 'ਚ ਗੰਭੀਰ ਅਸੰਤੁਲਨ ਪੈਦਾ ਕਰ ਦਿੱਤਾ। ਪੰਜਾਬ 'ਚ ਮੌਜੂਦਾ ਫਸਲੀ ਚੱਕਰ ਨੂੰ ਧਿਆਨ 'ਚ ਰੱਖਦੇ ਹੋਏ, ਪਾਣੀ ਦੀ ਮੰਗ 4.68 ਮਿਲੀਅਨ ਹੈਕਟੇਅਰ ਮੀਟਰ ਹੈ, ਜਦੋਂ ਕਿ ਪਾਣੀ ਦੀ ਉਪਲਬਧਤਾ 3.08 ਮਿਲੀਅਨ ਹੈਕਟੇਅਰ ਮੀਟਰ ਹੀ ਹੈ। ਇਸ ਦੇ ਨਤੀਜੇ ਵਜੋਂ ਸੂਬੇ 'ਚ ਹਰ ਸਾਲ 1.6 ਮਿਲੀਅਨ ਹੈਕਟੇਅਰ ਮੀਟਰ ਪਾਣੀ ਦੀ ਘਾਟ ਹੁੰਦੀ ਹੈ। ਇਸ ਘਾਟੇ ਦੀ ਪੂਰਤੀ ਟਿਊਬਵੈੱਲਾਂ ਅਤੇ ਖੂਹਾਂ ਰਾਹੀਂ ਧਰਤੀ ਹੇਠਲੇ ਪਾਣੀ ਦੇ ਭੰਡਾਰਾਂ ਦੀ ਜ਼ਿਆਦਾ ਵਰਤੋਂ ਕਰਕੇ ਕੀਤੀ ਜਾਂਦੀ ਹੈ।

ਸੂਬੇ 'ਚ ਪਾਣੀ ਦੀ ਸਪਲਾਈ ਨੂੰ ਬਿਲਕੁਲ ਵੀ ਵਧਾਇਆ ਨਹੀਂ ਜਾ ਸਕਦਾ ਅਤੇ ਕੇਵਲ ਸੁਚੱਜੀ ਪਾਣੀ ਦੀ ਨੀਤੀ ਬਣਾ ਕੇ ਪਾਣੀ ਦੀ ਮੰਗ ਘਟਾਉਣ ਅਤੇ ਵਰਤੋਂ ਨੂੰ ਕੰਟਰੋਲ ਹੀ ਕੀਤਾ ਜਾ ਸਕਦਾ ਹੈ। ਸੂਬੇ 'ਚ 1960ਵਿਆਂ ਅਤੇ 70ਵਿਆਂ 'ਚ ਕਣਕ ਮੱਕੀ, ਦਾਲਾਂ ਅਤੇ ਸਬਜ਼ੀਆਂ ਵਰਗੀਆਂ ਫਸਲਾਂ ਉਗਾਈਆਂ ਜਾਂਦੀਆਂ ਸਨ। ਪਰ ਹੁਣ ਸਾਉਣੀ ਦੀ ਫਸਲ ਵਜੋਂ ਹੌਲੀ-ਹੌਲੀ ਕੁਲ ਫਸਲੀ ਖੇਤਰ ਦਾ ਲਗਭਗ 80 ਪ੍ਰਤੀਸ਼ਤ ਝੋਨੇ ਅਧੀਨ ਹੀ ਆ ਗਿਆ ਹੈ। ਝੋਨੇ ਦੀ ਫਸਲ ਸਭ ਤੋਂ ਵੱਧ ਪਾਣੀ ਦੀ ਵਰਤੋਂ ਵਾਲੀ ਫਸਲ ਹੈ, ਜਿਸ 'ਚ ਪ੍ਰਤੀ ਹੈਕਟੇਅਰ ਲਗਭਗ 24000 ਘਣ ਮੀਟਰ ਪਾਣੀ ਦੀ ਵਰਤੋਂ ਕੀਤੀ ਜਾਂਦੀ ਹੈ, ਜੋ ਕਿ ਇਹ ਮੱਕੀ ਦੀ ਫਸਲ ਤੋਂ ਲਗਭਗ 6 ਗੁਣਾ, ਮੂੰਗਫਲੀ ਦੀ ਲਗਭਗ 20 ਗੁਣਾ ਅਤੇ ਦਾਲਾਂ ਦਾ ਲਗਭਗ 10 ਗੁਣਾ ਵਧ ਪਾਣੀ ਦੀ ਖਪਤ ਹੈ। ਇਸ ਲਈ ਸੂਬੇ ਦੇ ਜਲ ਸਰੋਤਾਂ ਨੂੰ ਬਚਾਉਣ ਲਈ ਫਸਲੀ ਚੱਕਰ ਨੂੰ ਬਦਲਣ ਦੀ ਲੋੜ ਹੈ। ਨਾਲ ਹੀ ਧਰਤੀ ਹੇਠਲੇ ਪਾਣੀ 'ਤੇ ਭਾਰ ਘਟਾਉਣ ਲਈ ਨਹਿਰੀ ਸਿੰਚਾਈ ਦੇ ਸਿਸਟਮ ਨੂੰ ਮਜ਼ਬੂਤ ਅਤੇ ਦਰੁਸਤ ਕਰਨਾ ਪਵੇਗਾ।

ਇਸੇ ਪ੍ਰਸੰਗ 'ਚ ਅੱਜਕੱਲ੍ਹ ਸੂਬੇ 'ਚ ਪਾਣੀ ਦੀ ਖੇਤੀ ਲਈ ਵੱਧ ਵਰਤੋਂ ਸੰਬੰਧੀ ਕਾਫੀ ਚਰਚਾ ਹੋ ਰਹੀ ਹੈ ਅਤੇ ਇਸ ਦੀ ਵਰਤੋਂ ਘਟਾਉਣ ਲਈ ਤਰ੍ਹਾਂ-ਤਰ੍ਹਾਂ ਦੇ ਸੁਝਾਅ ਦਿੱਤੇ ਜਾਂਦੇ ਹਨ, ਜਿਵੇਂ ਕਿ ਫਸਲੀ ਵੰਨ-ਸੁਵੰਨਤਾ, ਝੋਨੇ ਦੀ ਸਿੱਧੀ ਬਿਜਾਈ, ਝੋਨੇ ਦੀ ਲਵਾਈ ਲੇਟ ਕਰਨਾ, ਘੱਟ ਪਾਣੀ ਲੈਣ ਵਾਲੀਆਂ ਫਸਲਾਂ ਦੀ ਬਿਜਾਈ ਕਰਨਾ ਆਦਿ। ਸੂਬੇ 'ਚ ਖੇਤੀ ਲਈ ਪਾਣੀ ਦੀ ਵਰਤੋਂ ਅਤੇ ਪਾਣੀ ਦੀ ਮੰਗ ਨੂੰ ਕੰਟਰੋਲ ਕਰਨ ਲਈ ਕਿਸੇ ਵੀ ਯੋਜਨਾਬੱਧ ਨੀਤੀ ਦੀ ਅਣਹੋਂਦ ਕਾਰਨ ਅਤੇ ਇਸ ਕੀਮਤੀ ਸਰੋਤ ਦੀ ਬੇਰੋਕ ਨਿਕਾਸੀ ਕਾਰਨ ਧਰਤੀ ਹੇਠਲੇ ਪਾਣੀ ਦਾ ਵੱਧ ਤੋਂ ਵੱਧ ਸ਼ੋਸ਼ਣ ਹੋਇਆ ਹੈ। ਨਤੀਜੇ ਵਜੋਂ ਅੱਜਕੱਲ੍ਹ ਸੂਬੇ ਦੇ 80-90 ਪ੍ਰਤੀਸ਼ਤ ਬਲਾਕ ਵੱਧ ਸ਼ੋਸ਼ਣ ਵਾਲੀ ਕੈਟਾਗਰੀ 'ਚ ਆ ਗਏ ਹਨ। ਇਸ ਤਰ੍ਹਾਂ ਧਰਤੀ ਹੇਠਲੇ ਪਾਣੀ ਦੀ ਜ਼ਿਆਦਾ ਦੁਰਵਰਤੋਂ ਅਤੇ ਨਹਿਰੀ ਪਾਣੀ ਦਾ ਘਟਿਆ ਹਿੱਸਾ ਪੰਜਾਬ ਦੀ ਆਰਥਿਕਤਾ ਦੇ ਇਕੋ ਇਕ ਸਰੋਤ ਨੂੰ ਬੁਰੀ ਤਰ੍ਹਾਂ ਖਤਮ ਕਰ ਰਿਹਾ ਹੈ। ਇਹ ਡਰ ਵੀ ਸਤਾ ਰਿਹਾ ਹੈ ਕਿ ਜੇਕਰ ਪਾਣੀ ਦੀ ਵਰਤੋਂ ਇਵੇਂ ਹੀ ਜਾਰੀ ਰਹਿੰਦੀ ਹੈ ਤਾਂ ਪੰਜਾਬ ਦੀ ਧਰਤੀ ਹੇਠਲਾ ਪਾਣੀ ਬਹੁਤ ਜਲਦੀ ਖਤਮ ਹੋ ਜਾਵੇਗਾ ਅਤੇ ਪੰਜਾਬ ਦੀ ਧਰਤੀ ਰੇਗਿਸਤਾਨ ਬਣ ਜਾਵੇਗੀ।

ਪੰਜਾਬ 'ਚ ਧਰਤੀ ਹੇਠਲੇ ਪਾਣੀ ਦੀ ਵਧਦੀ ਸਮੱਸਿਆ ਦੇ ਹੱਲ ਲਈ ਹੁਣੇ ਹੀ ਸੂਬਾ ਸਰਕਾਰ ਵਲੋਂ ਕੇਂਦਰ ਸਰਕਾਰ ਵਿੱਤੀ ਸਾਲ 2024-25 ਸ਼ੁਰੂ ਕੀਤੀ ਗਈ ਹੈ। ਇਸ ਸਕੀਮ ਨੂੰ ਸਹੀ ਦਿਸ਼ਾ ਵੱਲ ਬਹੁਤ ਹੀ ਦੇਰ ਨਾਲ ਪੁੱਟਿਆ ਪਰ ਇਕ ਬਹੁਤ ਹੀ ਛੋਟਾ ਕਦਮ ਕਿਹਾ ਜਾ ਸਕਦਾ ਹੈ। ਇਸ ਸਕੀਮ ਤਹਿਤ ਚਾਲੂ ਵਿੱਤੀ ਸਾਲ ਦੌਰਾਨ ਜਿਹੜੇ ਕਿਸਾਨ ਝੋਨੇ ਦੀ ਫਸਲ ਦੀ ਥਾਂ 'ਤੇ ਹੋਰ ਬਦਲਵੀਆਂ ਫਸਲਾਂ ਬੀਜਣਗੇ, ਉਨ੍ਹਾਂ ਨੂੰ ਸਰਕਾਰ 17500 ਰੁਪਏ ਪ੍ਰਤੀ ਹੈਕਟੇਅਰ ਭਾਵ 7000 ਰੁਪਏ ਦੇ ਨੇੜੇ ਪ੍ਰਤੀ ਏਕੜ ਦੇ ਹਿਸਾਬ ਨਾਲ ਨਕਦ ਮੁਆਵਜ਼ਾ ਦੇਵੇਗੀ। ਇਹ ਮੁਆਵਜਾ ਦੋ ਕਿਸ਼ਤਾਂ 'ਚ ਅਦਾ ਕੀਤਾ ਜਾਵੇਗਾ, ਪਹਿਲੀ ਕਿਸ਼ਤ ਬਦਲਵੀਂ ਫਸਲ ਬੀਜਣ ਤੋਂ ਬਾਅਦ ਅਤੇ ਦੂਜੀ ਕਿਸ਼ਤ ਫਸਲ ਕੱਟਣ ਉਪਰੰਤ ਕਿਸਾਨਾਂ ਦੇ ਖਾਤਿਆਂ 'ਚ ਖੇਤੀਬਾੜੀ ਵਿਭਾਗ ਸਿੱਧੀ ਜਮ੍ਹਾ ਕਰਵਾਏਗਾ। ਇਸ ਮੁਆਵਜ਼ੇ ਦੇ 60 ਪ੍ਰਤੀਸ਼ਤ ਕੇਂਦਰ ਸਰਕਾਰ ਅਤੇ ਬਾਕੀ 40 ਪ੍ਰਤੀਸ਼ਤ ਸੂਬਾ ਸਰਕਾਰ ਵਲੋਂ ਦਿੱਤੇ ਜਾਣਗੇ ਅਤੇ ਇਸ ਸਕੀਮ ਤਹਿਤ ਵੱਧ ਤੋਂ ਵੱਧ ਮੁਆਵਜ਼ਾ 5 ਹੈਕਟੇਅਰ ਰਕਬੇ ਭਾਵ ਲਗਭਗ 12.5 ਏਕੜ, ਲਈ ਹੀ ਦਿੱਤਾ ਜਾਵੇਗਾ। ਇਹ ਸਕੀਮ ਕੇਂਦਰ ਸਰਕਾਰ ਨੇ ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਦੇ ਕੁੱਝ ਹਿੱਸਿਆਂ ਲਈ ਸ਼ੁਰੂ ਕੀਤੀ ਹੈ। ਇਸ ਸੰਬੰਧੀ ਕਿਸਾਨਾਂ ਨੂੰ ਸਾਰੇ ਵੇਰਵੇ ਸਰਕਾਰ ਵਲੋਂ ਚਾਲੂ ਕੀਤੇ ਜਾਣ ਵਾਲੇ ਪੋਰਟਲ 'ਤੇ ਦੇਣੇ ਲਾਜ਼ਮੀ ਦੇਣੇ ਪੈਣਗੇ ਅਤੇ ਸਰਕਾਰ ਨੇ ਇਸ ਸੰਬੰਧੀ ਚਾਲੂ ਵਿੱਤੀ ਸਾਲ ਦੇ ਬਜਟ 'ਚ ਤਕਰੀਬਨ 290 ਕਰੋੜ ਰੁਪਏ ਦੀ ਵਿਵਸਥਾ ਕੀਤੀ ਹੈ। ਸ਼ੁਰੂ 'ਚ ਇਸ ਸਕੀਮ ਤਹਿਤ ਝੋਨੇ ਹੇਠੋਂ ਲਗਭਗ 3 ਲੱਖ ਹੈਕਟੇਅਰ ਰਕਬੇ ਨੂੰ ਘਟਾਉਣ ਦਾ ਟੀਚਾ ਹੈ।

ਜਦੋਂ ਇਸ ਸਕੀਮ 'ਤੇ ਪੰਛੀ ਝਾਤ ਮਾਰੀਏ ਤਾਂ ਕੁਝ ਜ਼ਰੂਰੀ ਅਤੇ ਬੁਨਿਆਦੀ ਸਵਾਲ ਖੜ੍ਹੇ ਹੋ ਜਾਂਦੇ ਹਨ। ਪਹਿਲਾ ਇਹ ਕਿ ਇਸ ਸਕੀਮ ਨੂੰ ਪੰਜਾਬ ਖੇਤੀਬਾੜੀ ਦੀ ਨੀਤੀ ਦਾ ਹਿੱਸਾ ਕਿਉਂ ਨਹੀਂ ਬਣਾਇਆ ਗਿਆ, ਜਦੋਂ ਕਿ ਪੰਜਾਬ ਦੀ ਖੇਤੀਬਾੜੀ ਦੀ ਨੀਤੀ ਨੂੰ ਸੂਬੇ ਦੇ ਕਿਸਾਨ ਅਤੇ ਖੇਤ ਮਜ਼ਦੂਰ ਬਹੁਤ ਬੇਸਬਰੀ ਨਾਲ ਦੋ ਸਾਲਾਂ ਤੋਂ ਉਡੀਕ ਰਹੇ ਹਨ। ਕੀ ਇਹ ਸਕੀਮ ਸ਼ੁਰੂ ਕਰਨ ਵੇਲੇ ਖੇਤੀ ਵਿਭਿੰਨਤਾ ਲਈ ਪਿਛਲੀਆਂ ਕਮੇਟੀਆਂ ਦੀਆਂ ਸਿਫਾਰਸ਼ਾਂ ਨੂੰ ਮੱਦੇਨਜ਼ਰ ਰੱਖਿਆ ਗਿਆ ਹੈ ਕਿ ਨਹੀਂ? ਇਸ ਸਕੀਮ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਸਰਕਾਰ ਨੂੰ ਕਿਸਾਨਾਂ ਅਤੇ ਹੋਰ ਸੰਬੰਧਿਤ ਧਿਰਾਂ ਨਾਲ ਗੱਲਬਾਤ ਕਰਕੇ ਭਰੋਸੇ 'ਚ ਲੈਣਾ ਚਾਹੀਦਾ ਸੀ। ਦੂਜਾ, ਚਾਲੂ ਵਿੱਤੀ ਸਾਲ ਦੌਰਾਨ ਇਹ ਸਕੀਮ ਬਹੁਤ ਦੇਰੀ ਨਾਲ ਕਿਉਂ ਸ਼ੁਰੂ ਕੀਤੀ ਗਈ ਹੈ, ਜਦੋਂ ਕਿ ਸੂਬੇ 'ਚ ਲਗਭਗ 90-95 ਪ੍ਰਤੀਸ਼ਤ ਰਕਬੇ 'ਤੇ ਝੋਨੇ ਦੀ ਲਵਾਈ ਪੂਰੀ ਹੋ ਚੁੱਕੀ ਹੈ ਅਤੇ ਉਮੀਦ ਹੈ ਇਸ ਸਾਲ ਇਸ ਸਕੀਮ ਦਾ ਕਿਸਾਨਾਂ ਨੂੰ ਕੋਈ ਲਾਭ ਨਹੀਂ ਮਿਲ ਸਕੇਗਾ। ਇਥੇ ਇਹ ਵੀ ਵਰਨਣਯੋਗ ਹੈ ਕਿ ਕੇਂਦਰ ਸਰਕਾਰ ਨੇ ਇਸ ਸਕੀਮ ਸੰਬੰਧੀ ਪੰਜਾਬ ਸਰਕਾਰ ਨੂੰ ਪੱਤਰ ਲਿਖ ਕੇ ਜੂਨ 2024 ਦੇ ਸ਼ੁਰੂ 'ਚ ਹੀ ਜਾਣਕਾਰੀ ਦੇ ਦਿੱਤੀ ਸੀ, ਪਰ ਫਿਰ ਵੀ ਪੰਜਾਬ ਸਰਕਾਰ ਨੇ ਇਸ ਨੂੰ ਲਾਗੂ ਕਰਨ 'ਚ ਲਗਭਗ ਇਕ ਮਹੀਨੇ ਦੀ ਦੇਰੀ ਕਰ ਦਿੱਤੀ। ਤੀਜਾ, ਮੁਆਵਜੇ ਦੇ ਤੌਰ 'ਤੇ ਦਿੱਤੀ ਜਾਣ ਵਾਲੀ 7000 ਰੁਪਏ ਦੇ ਨੇੜੇ ਰਕਮ ਬਹੁਤ ਹੀ ਨਿਗੂਣੀ ਹੈ, ਜਿਹੜੀ ਕਿ ਕਿਸਾਨਾਂ ਨੂੰ ਉਤਸ਼ਾਹਿਤ ਕਰਨ ਅਤੇ ਭਰਮਾਉਣ 'ਚ ਬਹੁਤੀ ਅਸਰਦਾਰ ਸਾਬਤ ਨਹੀਂ ਹੋਵੇਗੀ। ਕਿਉਂਕਿ ਅੱਜਕੱਲ੍ਹ ਝੋਨੇ ਦੀ ਫਸਲ ਤੋਂ ਕਿਸਾਨ ਲਗਭਗ 70000 ਰੁਪਏ ਤੋਂ ਜ਼ਿਆਦਾ ਆਮਦਨ ਪ੍ਰਾਪਤ ਕਰ ਰਹੇ ਹਨ। ਇਸ ਲਈ ਮੁਆਵਜ਼ੇ ਦੀ ਪ੍ਰਤੀ ਹੈਕਟੇਅਰ ਰਕਮ ਨੂੰ ਕਿਸਾਨਾਂ ਅਤੇ ਸੰਬੰਧਿਤ ਧਿਰਾਂ ਨਾਲ ਗੱਲਬਾਤ ਕਰ ਕੇ ਵਧਾਉਣਾ ਚਾਹੀਦਾ ਹੈ, ਨਾਲ ਹੀ ਝੋਨੇ ਨੂੰ ਛੱਡ ਕੇ ਬਦਲਵੀਆਂ ਫਸਲਾਂ ਬੀਜਣ 'ਤੇ ਕਿਸੇ ਕਿਸਮ ਦੀ ਉੱਪਰਲੀ ਹੱਦਬੰਦੀ ਵੀ ਨਹੀਂ ਲਾਉਣੀ ਚਾਹੀਦੀ ਸੀ। ਅਗਲਾ, ਜਦੋਂ ਕਿਸਾਨਾਂ ਵਲੋਂ ਇਸ ਸਕੀਮ ਤਹਿਤ ਝੋਨੇ ਹੇਠੋਂ ਕੱਢੇ ਰਕਬੇ ਉੱਤੇ ਕਿਹੜੀਆਂ ਬਦਲਦੀਆਂ ਫਸਲਾਂ ਬੀਜੀਆਂ ਜਾਣਗੀਆਂ, ਦੇ ਵੇਰਵੇ ਪੋਰਟਲ 'ਤੇ ਦੱਸੇ ਜਾਣੇ ਹਨ ਤਾਂ ਇਸੇ ਸਕੀਮ ਤਹਿਤ ਬਦਲਵੀਆਂ ਫਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਅਤੇ ਖਰੀਦ ਦੀ ਗਰੰਟੀ ਵੀ ਸਕੀਮ ਦਾ ਹਿੱਸਾ ਹੋਣੇ ਚਾਹੀਦੇ ਸਨ ਅਤੇ ਮੁੜ ਤੋਂ ਇਨ੍ਹਾਂ ਨੂੰ ਖੇਤੀ ਨੀਤੀ ਦਾ ਹਿੱਸਾ ਬਣਾਇਆ ਜਾਣਾ ਚਾਹੀਦਾ ਹੈ।

ਇੱਥੇ ਇਹ ਕਹਿਣਾ ਉਚਿਤ ਰਹੇਗਾ ਕਿ ਇਸ ਸਕੀਮ ਨੂੰ ਜਿਸ ਸਮੇਂ ਅਤੇ ਜਿਸ ਜਲਦਬਾਜ਼ੀ 'ਚ ਸ਼ੁਰੂ ਕੀਤਾ ਗਿਆ ਹੈ, ਉਸ ਤੋਂ ਵੀ ਸਰਕਾਰ ਦਾ ਖੇਤੀ ਵਿਭਿੰਨਤਾ ਲਈ ਸੰਜੀਦਾ ਹੋਣ ਸੰਬੰਧੀ ਸ਼ੱਕੀ ਲੱਗਦਾ ਹੈ। ਖੇਤੀ ਵਿਭਿੰਨਤਾ ਅੱਜਕੱਲ੍ਹ ਚਰਚਾ ਦਾ ਮੁੱਦਾ ਹੋਣ ਕਾਰਨ ਪੰਜਾਬ ਸਰਕਾਰ 16ਵੇਂ ਕੇਂਦਰੀ ਵਿੱਤ ਕਮਿਸ਼ਨ ਨੂੰ ਪ੍ਰਭਾਵਿਤ ਕਰਨ ਦੇ ਮਨਸ਼ੇ ਨਾਲ ਵਾਧੂ ਕੇਂਦਰੀ ਫੰਡਾਂ ਦੀ ਤਾਂਘ 'ਚ ਸੀ। ਇਸ ਸੰਦਰਭ ਵਿਚ ਵੀ ਉਕਤ ਸਕੀਮ ਨੂੰ ਦੇਖਿਆ ਜਾ ਸਕਦਾ ਹੈ। ਇੱਥੇ ਇਹ ਵੀ ਵਰਨਣਯੋਗ ਹੈ ਕਿ ਵਾਅਦੇ ਮੁਤਾਬਿਕ ਸੂਬੇ ਦੀ ਖੇਤੀ ਨੀਤੀ ਕਾਫੀ ਸਮਾਂ ਪਹਿਲਾਂ ਜਾਰੀ ਹੋਣੀ ਚਾਹੀਦੀ ਸੀ, ਪਰ ਹੁਣ ਲੱਗਦਾ ਹੈ ਸਰਕਾਰ ਟੁਕੜਿਆਂ 'ਚ ਖੇਤੀ ਦੀਆਂ ਸਮੱਸਿਆਵਾਂ ਦਾ ਹੱਲ ਕੱਢਣਾ ਚਾਹੁੰਦੀ ਹੈ ਅਤੇ ਖੇਤੀ ਨੀਤੀ ਤੋਂ ਪੱਲਾ ਝਾੜਨ ਦੀ ਕੋਸ਼ਿਸ਼ ਕਰ ਰਹੀ ਹੈ।


ਉਪਰੋਕਤ ਮਸਲਿਆਂ ਦੇ ਨਾਲ-ਨਾਲ ਕੁਝ ਹੋਰ ਗੱਲਾਂ ਦਾ ਧਿਆਨ ਵੀ ਰੱਖਣਾ ਹੋਵੇਗਾ, ਜਿਵੇਂ ਕਿ ਖੇਤੀਬਾੜੀ ਖੇਤਰ 'ਚ ਸਰਕਾਰੀ ਨਿਵੇਸ਼ ਨੂੰ ਵਧਾਇਆ ਜਾਵੇ, ਜਿਸ ਨਾਲ ਸੂਬੇ 'ਚ ਖੇਤੀਬਾੜੀ ਲਈ ਯੋਗ ਮੁੱਢਲਾ ਢਾਂਚਾ ਸਮੇਂ ਦੇ ਹਾਣ ਦਾ ਵਿਕਸਤ ਕੀਤਾ ਜਾ ਸਕੇ। ਨਾਲ ਹੀ ਕਿਸਾਨਾਂ ਨੂੰ ਸਹੀ ਮਾਤਰਾ 'ਚ ਬਹੁਤ ਹੀ ਘੱਟ ਦਰਾਂ 'ਤੇ ਕਰਜ਼ੇ ਮੁਹੱਈਆ ਕਰਵਾਏ ਜਾਣੇ ਚਾਹੀਦੇ ਹਨ ਅਤੇ ਇਨ੍ਹਾਂ ਕਰਜ਼ਿਆਂ ਉੱਤੇ ਢੁਕਵੀਂਆਂ ਸਬਸਿਡੀਆਂ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ। ਕੁਦਰਤੀ ਜਾਂ ਹੋਰ ਕਾਰਨਾ ਕਰਕੇ ਫਸਲਾਂ ਦੇ ਮਾਰੇ ਜਾਣ 'ਤੇ ਕਿਸਾਨਾਂ ਨੂੰ ਢੁਕਵੀਂ ਆਰਥਿਕ ਮਦਦ ਦੇਣੀ ਚਾਹੀਦੀ ਹੈ, ਇਸ ਲਈ ਕਿਸਾਨ ਪੱਖੀ ਫਸਲ ਬੀਮਾਂ ਯੋਜਨਾ ਬਣਾਉਣੀ ਚਾਹੀਦੀ ਹੈ। ਛੋਟੇ-ਛੋਟੇ ਟੁਕੜਿਆਂ 'ਚ ਖੇਤੀ ਵਿਭਿੰਨਤਾ ਅਤੇ ਖੇਤੀ ਸੰਬੰਧੀ ਫੈਸਲਿਆਂ ਦੀ ਬਜਾਏ ਖੇਤੀਬਾੜੀ ਨਾਲ ਸੰਬੰਧਿਤ ਸਾਰੀਆਂ ਧਿਰਾਂ ਨਾਲ ਸਲਾਹ ਮਸ਼ਵਰਾ ਕਰਕੇ ਪੰਜਾਬ ਦੀ ਖੇਤੀਬਾੜੀ ਨੀਤੀ ਬਣਾਈ ਜਾਵੇ ਤਾਂ ਭਰੋਸੇ ਨਾਲ ਕਿਹਾ ਜਾ ਸਕਦਾ ਹੈ ਕਿ ਇਹ ਨੀਤੀ ਪੰਜਾਬ ਦੀ ਖੇਤੀ ਅਤੇ ਦਿਹਾਤੀ ਖੇਤਰ ਦੇ ਆਰਥਿਕ ਸੰਕਟ ਨੂੰ ਹੱਲ ਕਰਨ 'ਚ ਸਹਾਈ ਹੋਵੇਗੀ। ਇਸ ਦੇ ਨਾਲ-ਨਾਲ ਇਹ ਬਹੁਤ ਜ਼ੂਰੀ ਹੈ ਕਿ ਸੂਬੇ ਦੇ ਪੇਂਡੂ ਖੇਤਰਾਂ 'ਚ ਚੰਗੀਆਂ ਅਤੇ ਸਸਤੀਆਂ ਦਰਾਂ 'ਤੇ ਸਿਹਤ ਸਹੂਲਤਾਂ ਅਤੇ ਸਮੇਂ ਦੇ ਹਾਣ ਦੀ ਸਿੱਖਿਆ ਦਾ ਵੀ ਸਰਕਾਰ ਵਲੋਂ ਪ੍ਰਬੰਧ ਕਰਨਾ ਹੋਵੇਗਾ ਤਾਂ ਕਿ ਪੇਂਡੂਆਂ ਨੂੰ ਨਿੱਜੀ ਸਿੱਖਿਆ ਅਤੇ ਸਿਹਤ ਅਦਾਰਿਆਂ ਦੀ ਲੁੱਟ ਤੋਂ ਬਚਾਉਣ ਦੇ ਨਾਲ-ਨਾਲ ਚੰਗੀਆ ਸੇਵਾਵਾਂ ਵੀ ਦਿੱਤੀਆ ਜਾ ਸਕਣ। ਖੇਤੀਬਾੜੀ ਨੀਤੀ ਦੇ ਦੋ ਪਹਿਲੂ ਹੋਣੇ ਚਾਹੀਦੇ ਹਨ ਪਹਿਲਾ ਛੋਟੇ ਸਮੇਂ ਦੌਰਾਨ ਅਪਣਾਈਆਂ ਜਾਣ ਵਾਲੀਆਂ ਅਤੇ ਦੂਜਾ ਲੰਮੇ ਸਮੇਂ ਦੌਰਾਨ ਅਪਣਾਈਆਂ ਜਾਣ ਵਾਲੀਆਂ ਨੀਤੀਆ ਲਾਗੂ ਕਰਕੇ ਪੰਜਾਬ ਨੂੰ ਖੇਤੀ ਦੇ ਸੰਕਟ ਅਤੇ ਪੇਂਡੂ ਆਰਥਿਕਤਾ ਦੇ ਸੰਕਟ 'ਚੋਂ ਕੱਢਣ ਦੇ ਸੰਜੀਦਾ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ। ਆਖਰੀ, ਜੇਕਰ ਪੰਜਾਬ ਸਰਕਾਰ ਖੇਤੀ ਵਿਭਿੰਨਤਾ ਲਈ ਸੰਜੀਦਾ ਹੈ ਅਤੇ ਇਸ ਨੂੰ (sustainable) ਟਿਕਾਊ ਤੌਰ ਤੇ ਅਪਣਾਉਣਾ ਚਾਹੁੰਦੀ ਹੈ ਤਾਂ ਕੇਂਦਰ ਸਰਕਾਰ ਨੂੰ ਰਾਜ ਸਰਕਾਰ ਬਦਲਵੀਆਂ ਫਸਲਾਂ ਦੀ ਘੱਟੋ-ਘੱਟ ਸਮਰਥਨ ਮੁੱਲ ਉੱਤੇ ਖਰੀਦ ਦੀ ਕਾਨੂੰਨੀ ਗਰੰਟੀ ਦੇਣ ਲਈ ਮਨਾਉਣ ਲਈ ਚਾਰਾਜੋਈ ਕਰੇ, ਤਾਂ ਹੀ ਸੂਬੇ ਵਿਚ ਖੇਤੀ ਵਿਭਿੰਨਤਾ ਦੀ ਸਕੀਮ ਕਾਮਯਾਬ ਹੋ ਸਕੇਗੀ ਅਤੇ ਪੰਜਾਬ ਦੇ ਪਾਣੀਆਂ, ਖਾਸ ਕਰਕੇ ਧਰਤੀ ਹੇਠਲੇ ਪਾਣੀ ਨੂੰ ਬਚਾਇਆ ਜਾ ਸਕਦਾ ਹੈ।



# ਮੈਂ ਤੇ ਮੇਰਾ ਮਾਸਟਰ ਅਤੇ ਉਸ ਦੀ ਬੋਤਲ

ਮੈਂ ਆਪਣੇ ਸਕੂਲ 'ਚ ਅੱਠਵੀਂ ਜਮਾਤ ਵਿਚ ਪੜ੍ਹਦਾ ਸੀ । ਅਕਸਰ ਡਰਾਇੰਗ ਵਾਲੇ ਮਾਸਟਰ ਜੀ ਨੂੰ ਕਲਾਸ ਵਿੱਚ ਆਉਦਿਆਂ ਤੇ ਬੈਠਿਆਂ ਬਹੁਤ ਵਾਰੀ ਪਾਣੀ ਬਾਰ-ਬਾਰ ਮੰਗਵਾਉਦਿਆਂ ਤੇ ਜ਼ਿਆਦਾ ਉਬਾਸੀਆਂ ਮਾਰਦੇ, ਹੜਬੜਾਹਟ 'ਚ ਆਕੜਦਿਆਂ ਅਕਸਰ ਦੇਖਦਾ ਸੀ, ਜੋ ਕਿ ਬਾਕੀ ਮਾਸਟਰਾਂ ਵਿਚ ਪੜਾਉਣ ਲੱਗਿਆਂ ਤੇ ਕਲਾਸ ਵਿਚ ਆਇਆਂ ਅਜਿਹਾ ਨਹੀਂ ਸੀ ।

ਕਈ ਵਾਰ ਤਾਂ ਕਲਾਸ ਵਿਚ ਪੜ੍ਹਾਉਦਿਆਂ ਅਤੇ ਕੁਰਸੀ ਤੇ ਬੈਠਿਆਂ ਮੈਂ ਮਾਸਟਰ ਜੀ ਦੀਆਂ ਅੱਖਾਂ ਤੇ ਲੱਗੀਆਂ ਐਨਕਾਂ ਵਿਚੋਂ ਨੀਂਦ ਦੀਆਂ ਝੋਕਾਂ ਲੱਗੀਆਂ ਵੀ ਦੇਖੀਆਂ । ਬਹੁਤ ਵਾਰ ਅਸੀਂ ਸਾਰੇ ਭੁੰਝੇ ਬੈਠ ਬੱਚੇ ਉਹਨਾਂ ਦਾ ਮੂੰਹ ਖੁੱਲਾ ਦੇਖ ਕੇ ਸੁੱਤੇ ਹੋਣ ਤੱਕ ਦਾ ਜਾਇਜ਼ਾ ਲਗਾਉਦਿਆਂ ਚੁੱਪ ਦੀ ਬੁੱਕਲ ਵਿੱਚ ਸਾਰੇ ਇਕ ਦੂਜੇ ਵੱਲ ਦੇਖ ਕੇ ਖੂਬ ਹੱਸੀਆਂ ਕਰ ਲੈਂਦੇ ਸੀ । ਮੈਂ ਅਕਸਰ ਸੋਚਦਾ ਸੀ ਏਨਾਂ ਨੂੰ ਰੋਜ਼ ਏਸੇ ਤਰ੍ਹਾਂ ਦੱਸ ਚਾਲੀ ਤੇ ਪੀਰੀਅਡ ਵਿਚ ਹੀ ਅਜਿਹਾ ਕਿਉਂ ਹੁੰਦਾ। ਬਾਕੀ ਦੂਜੇ ਮਾਸਟਰ ਵੀ ਤਾਂ ਬਹੁਤ ਵਧੀਆ ਕਲਾਸ ਵਿਚ ਪਹਿਲਾਂ ਪੜਾ ਲਿਖਾ ਕੇ ਸਵਾਲ ਤੋਂ ਜਵਾਬ ਤੇ ਬਲੈਕ ਬੋਰਡ ਤੱਕ ਕੰਮ ਕਰਕੇ ਆਮ ਗਏ ਸਨ । ਪਰ ਡਰਾਇੰਗ ਵਾਲੇ ਮਾਸਟਰ ਜੀ ਅਜਿਹਾ ਨਹੀਂ ਕਰਦੇ ਸਨ, ਕੀ ਉਹ ਬਾਕੀਆਂ ਨਾਲੋਂ ਵੱਖਰੇ ਕਿਉਂ ਸਨ, ਏ ਮਨ 'ਚ ਸਵਾਲ ਸੀ ? ਨਾ ਉਹਨਾਂ ਵਿਚ ਸਖਤੀ ਦੇਖੀ, ਨਾ ਕੋਈ ਸਿੱਖਿਆ ਦੀ ਮੜਕ, ਕੇਵਲ ਸੀ ਤਾਂ ਬੱਸੀ ਖਾਂਸੀ ਤੇ ਉਬਾਸੀ ਨਾਲ ਹਲਕੀ ਆਕੜਾਂ ਜਾਂ ਸਾਰੇ ਪੀਰੀਅਡ ਵਿਚ ਕਲਾਸ ਦਾ ਰੌਲਾ ਵੱਧਣ ਤੇ ਇਕ ਵਾਰ ਸਿਰਫ ਬੱਚਿਆਂ ਨੂੰ ਚੁੱਪ ਕਰਾਉਣ ਦੇ ਲਹਿਜੇ ਵਿਚ ਦਬਕਾ ਕੇ ਕਹਿਣਾ ਕਿ ਪੜ੍ਹ ਲਵੋ ਉਏ ।



ਮੇਰੀ ਆਪਣੀ ਨਿੱਕੀ ਕਲਾਸ ਤੇ ਨਿੱਕੀ ਜਿਹੀ ਸਮਝ ਹੋਣ ਕਰਕੇ ਵੀ ਬਹੁਤਾ ਸਮਝ ਨਹੀਂ ਪਾਇਆ ਕਿ ਕੀ ਕਿਵੇਂ ਪੁੱਛਾਂ, ਉਹਨਾਂ ਦੀ ਖਰਾਬ ਸਿਹਤ ਬਾਰੇ ਸਵਾਲ ਤੇ ਫੇਰ ਉਸਦਾ ਜਵਾਬ ਕਿਵੇਂ ਲਵਾਂ ?

ਖੈਰ ਮੈਂ ਕਿਸੇ ਨਾਲ ਗੱਲ ਵੀ ਨਹੀਂ ਕਰ ਪਾਇਆ, ਕਿਉਕਿ ਮੈਨੂੰ ਏ ਡਰ ਸੀ ਕਿ ਮੇਰੀ ਜਮਾਤ ਦਾ ਕੋਈ ਵਿਦਿਆਰਥੀ ਜਾ ਕੇ ਮਾਸਟਰ ਜੀ ਨੂੰ ਹੀ ਨਾ ਦੱਸ ਦੇਵੇ ਤੇ ਮੈਨੂੰ ਫਾਲਤੂ 'ਚ ਝਿੜਕਾਂ ਨਾ ਪੈ ਜਾਣ ਜਾਂ ਮਾਸਟਰ ਜੀ ਕੀਤੇ ਏਨਾ ਸੁਣ ਕੇ ਕੇਰੇ ਮਾਤਾ ਪਿਤਾ ਨੂੰ ਸਕੂਲ ਸੱਦਣ ਦਾ ਸਬੱਬ ਨਾ ਬਣਾ ਦੇਣ ।

ਉਹਨਾਂ ਨੇ ਕੁਰਸੀ ਲਾਗੇ ਰੱਖਿਆ ਬੈਂਤ ਵਾਲਾ ਡੰਡਾ ਵੀ ਕਿਤੇ ਨਾ ਕਿਤੇ ਉਹਨਾਂ ਦੇ ਚੁੱਪ ਚੁਪੀਤੇ ਬੋਲ ਨਾਲੋਂ ਜ਼ਿਆਦਾ ਦਬਾਅ ਪਾਉਂਦਾ ਸੀ, ਜੋ ਅੰਦਰਲੀਆਂ ਗੱਲਾਂ ਕਿਸੇ ਹੋਰ ਅਧਿਆਪਕ ਨਾਲ ਨਾ ਕਰ ਸਕਣ ਤੇ ਆਪਣੇ ਕਿਸੇ ਵਿਦਿਆਰਥੀ ਸਾਥੀ ਨਾਲ ਨਾ ਕਰਨ ਦਾ ਡਰ ਬਣਾਈ ਰੱਖਦਾ ਸੀ ।

ਇਕ ਦਿਨ ਮੈਂ ਉਹਨਾਂ ਲਾਗੇ ਟਾਟ ਤੇ ਬੈਠਾ ਪੜ੍ਹ ਰਿਹਾ ਸਾਂ, ਤਾਂ ਉਹਨਾਂ ਨੂੰ ਇਕ ਉਹਨਾਂ ਦੇ ਨਜ਼ਦੀਕੀ ਦਾ ਫੋਨ ਆਇਆ । ਮਾਸਟਰ ਜੀ ਨੇ ਮੋਬਾਇਲ ਫੋਨ ਆਪਣੀ ਪੈਂਟ ਦੀ ਜੇਬ ਚੋਂ ਕੱਢਿਆ । ਸ਼ਾਇਦ ਜਲਦਬਾਜ਼ੀ ਵਿਚ ਉਹਨਾਂ ਇਹ ਨਹੀਂ ਸੋਚਿਆ ਕਿ ਮੇਰੀ ਜਮਾਤ ਦੇ ਬੱਚੇ ਵੀ ਲਾਗੇ ਬੈਠੇ ਹਨ ਤੇ ਉਹ ਮੇਰੀ ਨਿੱਜੀ ਜੀਵਨ ਤੇ ਕਿਤੇ ਝਾਕ ਨਾ ਲੈਣ । ਉਹ ਉੱਥੇ ਹੀ ਕੁਰਸੀ ਤੇ ਬੈਠੇ ਉਬਾਸੀ ਮਾਰ ਆਕੜ ਲੈਂਦੇ ਹੋਏ ਆਪਣੇ ਕਿਸੇ ਨਜ਼ਦੀਕੀ ਨਾਲ ਗੱਲਬਾਤ ਕਰਨ ਲੱਗੇ ਕਿ ਯਾਰ ਸਿਹਤ ਠੀਕ ਨਹੀਂ, ਸਰੀਰ ਟੁੱਟ ਰਿਹਾ ਹੈ ਜਿਵੇਂ ਤੋੜ ਮਹਿਸੂਸ ਹੋ ਰਹੀ ਹੈ । ਉਹਨਾਂ ਕਿਹਾ ਕਿ ਤੂੰ ਆਜੀਂ ਫਲਾਣੀ ਥਾਂ ਤੇ ਛੁੱਟੀ ਤੋਂ ਬਾਅਦ ਮਿਲਦੇ ਹਾਂ ਤੇ ਬੈਠਦੇ ਹਾਂ । ਮੈਨੂੰ ਉੱਥੇ ਟਾਟ ਤੇ ਬੈਠੇ ਲੱਗਾ ਕਿ ਉਹਨਾਂ ਦਾ ਕੋਈ ਮਿੱਤਰ ਜਾਂ ਕੋਈ ਰਿਸ਼ਤੇਦਾਰ ਹੋਊ, ਜੋ ਹਾਲਾਤਾਂ ਬਾਰੇ ਸਥਿਤੀ ਸਾਫ ਬਿਆਨ ਕਰ ਰਹੇ ਸਨ ।



**ਕਮਲਇੰਦਰਜੀਤ ਸਿੰਘ ਬਾਜਵਾ**
ਬਲਾਕ ਟੈਕਨੋਲੋਜੀ ਮੈਨੇਜਰ,
ਖੇਤੀਬਾੜੀ ਵਿਭਾਗ, ਬਲਾਕ
ਕਾਹਨੂੰਵਾਨ, ਜ਼ਿਲ੍ਹਾ ਗੁਰਦਾਸਪੁਰ
ਮੋ. 98150-82401

ਮੇਰੇ ਦਿਮਾਗ ਵਿਚ ਬੱਚਿਆਂ ਵਾਂਗ ਕਿਤਾਬੀ ਸੋਚ ਚਿੰਤਨ ਦੇ ਰੂਪ ਵਿਚ ਚੱਲ ਰਹੀ ਸੀ, ਕੀ ਇਸ ਸਮਝਦਾਰ ਬੰਦੇ ਨੂੰ ਕਿਸੇ ਨੇ ਸਿੱਖਿਆ ਨਹੀਂ ਦਿੱਤੀ । ਮੈਨੂੰ ਇੰਝ ਮਹਿਸੂਸ ਹੋਇਆ ਜਿਵੇਂ ਪੁਰਾਣੀ ਸਾਂਝਾਂ ਜਾਂ ਵਧੇਰੇ ਪੈਸੇ ਕਰਕੇ ਜਾਂ ਘਰੇਲੂ ਵਿਹਲਪੁਣਾ, ਜਾਂ ਦੁਖਾਂਤ ਹੀ ਜਿਵੇਂ ਨਸ਼ੇ ਵੱਲ ਲਿਜਾ ਰਿਹਾ ਹੋਵੇ । ਖੈਰ ਇਹ ਤਾਂ ਮੇਰੇ ਨਾਲੋਂ ਜ਼ਿਆਦਾ ਜਾਂ ਤਾਂ ਮਾਸਟਰ ਜੀ ਜਾਣਦੇ ਸਨ ਜਾਂ ਉਹਨਾਂ ਦਾ ਰੱਬ, ਸ਼ਾਇਦ ਮੇਰੀ ਤਾਂ ਕੇਵਲ ਕਿਆਸ ਅਰਾਈਆਂ ਹੀ ਸਨ ਛੋਟੀ ਸਮਝ ਦੀਆਂ ।

ਮੈਂ ਇਹ ਵੀ ਸੋਚਦਾ ਸਾਂ ਕਿ ਜੇਕਰ ਪੜ੍ਹ ਲਿਖ ਕੇ ਵੀ ਮੇਰੇ ਮਾਸਟਰ ਜੀ ਨੇ ਨਸ਼ਾ ਹੀ ਕਰਨਾ ਹੈ, ਤਾਂ ਸਾਨੂੰ ਕਹਾਵਤਾਂ ਵਿਚ ਕਿਉਂ ਪੜਾਇਆ ਜਾਂਦਾ ਸੀ ਕਿ ਬਾਪੂ ਜੀ ਨਾ ਪੀਓ ਸ਼ਰਾਬ, ਮੈਨੂੰ ਲੈ ਦਿਓ ਇਕ ਕਿਤਾਬ ।

ਛੁੱਟੀ ਹੋਣ ਤੋਂ ਬਾਅਦ ਮੈਂ ਘਰ ਜ਼ਰੂਰ ਆ ਗਿਆ ਸੀ, ਪਰ ਸ਼ਾਮ ਨੂੰ ਟੈਲੀਵਿਜ਼ਨ 'ਤੇ ਇਕ ਡਰਾਮਾ ਦੇਖਣ ਆਏ ਸੀਨ ਮੁਤਾਬਕ ਮੇਰਾ ਧਿਆਨ ਫੇਰ ਆਏ ਫੋਨ ਤੇ ਸੁਣੀ ਗੱਲਬਾਤ 'ਤੇ ਗਿਆ ਜੋ ਮਾਸਟਰ ਜੀ ਨੇ ਆਪ ਕਿਹਾ ਸੀ, ਫੇਰ ਸੋਚ ਆਈ ਕਿ ਮਾਸਟਰ ਜੀ ਦਾ ਇਹ ਸ਼ਰਾਬ ਦਾ ਨਸ਼ਾ ਬਚਪਨ ਤੋਂ ਹੀ ਚੱਲਦਾ ਹੋਊ ਜਾਂ ਮਾਸਟਰ ਜੀ ਨੇ ਇਸ ਰੁਤਬੇ ਤੇ ਆ ਕੇ ਹੀ ਖੁਸ਼ੀ ਨਾਲ ਕਿਸੇ ਸ਼ੌਕ ਕਰਕੇ ਜਾਂ ਦੁੱਖ ਕਾਰਨ ਵੱਸ ਸ਼ੁਰੂ ਕੀਤਾ ਹੋਊ, ਜਿਵੇਂ ਵਧੇਰੇ ਫਿਲਮ ਜਾਂ ਕਹਾਣੀਆਂ 'ਚ ਸੁਣਦੇ ਆਏ ਸਾਂ ।

ਫੇਰ ਮੇਰਾ ਧਿਆਨ ਆਪਣੇ ਨਾਲ ਪੜ੍ਹਦੇ ਤਿੰਨ-ਚਾਰ ਵਿਦਿਆਰਥੀਆਂ ਦੇ ਪਿਤਾ ਤੇ ਵੀ ਗਿਆ, ਕਿ ਉਹ ਵੀ ਚੰਗੇ ਪੜ੍ਹੇ ਲਿਖੇ ਸਨ ਤੇ ਕੁੱਝ ਕੁ ਵਿਦਿਆਰਥੀਆਂ ਦੇ ਪਿਤਾ ਚੰਗੇ ਅਹੁਦਿਆਂ ਤੇ ਵੀ ਬਿਰਾਜਮਾਨ ਅਫਸਰ ਸਨ । ਸ਼ਰਾਬ ਤਾਂ ਉਹ ਵੀ ਆਪੋ ਆਪਣੀ ਸਮਝ ਅਨੁਸਾਰ ਪੀਂਦੇ ਹਨ । ਦਿਮਾਗ 'ਚ ਇਹ ਵੀ ਸੋਚ ਸੀ ਕਿ ਸ਼ਰਾਬ ਸਿਹਤ ਲਈ ਹਾਨੀਕਾਰਕ ਹੋਣ ਬਾਰੇ ਵੀ ਸਕੂਲੇ ਪੜ੍ਹਾਇਆ ਗਿਆ ਸੀ । ਮਾਸਟਰ ਜੀ ਵਿੱਚੇ ਪਾ ਕੇ ਸਾਰੇ ਹੀ ਅਪੋ ਆਪਣੀ ਸੋਚ ਮੁਤਾਬਕ ਸ਼ਰਾਬ ਵਰਤਦੇ ਹਨ, ਸ਼ਾਇਦ ਕਿਸੇ ਪਾਸਿਉਂ ਚੰਗੀ ਲੱਗਦੀ ਹੋਊ । ਇਕ ਸੋਚ ਇਹ ਵੀ ਆਈ । ਆਪਣੀ ਕਲਾਸ ਦੀ ਸੋਚ ਮੁਤਾਬਕ ਮੈਂ ਸੋਚਿਆ ਕਿ ਇਹ ਵੀ ਹੋ ਸਕਦਾ ਕਿ ਏਨਾਂ ਨੂੰ ਦੂਰ ਦੇ ਸਿਹਤ ਪ੍ਰਤੀ ਮਾਰੂ ਨੁਕਸਾਨ ਬਾਰੇ ਨਾ ਪਤਾ ਹੋਵੇ ।

ਇਹ ਵੀ ਸਵਾਲ ਜਵਾਬ ਜ਼ਹਿਨ ਵਿਚ ਆਉਂਦਾ ਸੀ ਕਿ ਮਾਸਟਰ ਜੀ ਇਹ ਸ਼ਰਾਬ ਕਦੋਂ ਛੱਡਣਗੇ ਜਾਂ ਏਸੇ ਤਰ੍ਹਾਂ ਆਪਣੇ ਸਰੀਰ ਦੀ ਭੰਨ ਤੋੜ ਤੇ ਪੈਸੇ ਤੇ ਸਿਹਤ ਖਰਾਬ ਕਰਨ ਨਾਲ ਚੱਲਦੀ ਰਹੂ ਜਾਂ ਉਹਨਾਂ ਨੂੰ ਬੋਤਲ 'ਤੇ ਲਿਖਿਆ ਸ਼ਰਾਬ ਸਿਹਤ ਲਈ ਹਾਨੀਕਾਰਨ ਹੈ, ਕੀ ਕਦੇ ਪੜ੍ਹਨ ਨੂੰ ਧਿਆਨ ਹੀ ਨਹੀਂ ਗਿਆ ਹੋਣਾ । ਬਥੇਰੀਆਂ ਇਕੱਲੇ ਦੀ ਦਿਮਾਗ 'ਚ ਇਹ ਵੀ ਸੋਚ ਸੀ ਕਿ ਏਨਾਂ ਸਾਰਿਆਂ ਦੇ ਆਪਣੇ ਬੱਚਿਆਂ ਨੂੰ ਕੀ ਸਿੱਖਿਆ ਮਿਲੂ ਤੇ ਉਹਨਾਂ ਦਾ ਸ਼ਰਾਬ ਦਾ ਕੀ ਪ੍ਰਭਾਵ ਪਊ ਕਿ ਨਸ਼ਾ ਜ਼ਰੂਰੀ ਹੈ ਜਾਂ ਇਸ ਉਮਰ ਵਿਚ ਕਾਨੂੰਨੀ ਤੌਰ ਤੇ ਪੀਣਾ ਚਾਹੀਦਾ ਜਾਂ ਖੌਰੇ ਸਰਕਾਰ ਵੱਲੋਂ ਹੀ ਨਾ ਪੀਣ ਨੂੰ ਮਿਲਦੀ ਹੋਊ ? ਇਹ ਵੀ ਸਵਾਲ ਸੀ ਕਿ ਸਮਾਜ ਵਿਚ ਇਨ੍ਹਾਂ ਪੜ੍ਹੇ-ਲਿਖੇ ਸੂਝਵਾਨਾਂ ਦੀ ਆਪਣੀ ਛਵੀ ਬਿਰਤੀ ਕੀ ਸੰਦੇਸ਼ ਲੈ ਕੇ ਜਾਂਦੀ ਹੋਊ । ਲੰਮੇ ਸਮੇਂ ਤੱਕ ਮੇਰੀ ਸੋਚ ਵਿਚ ਇਹ ਹੀ ਚੱਲਦਾ ਰਿਹਾ, ਮੈਂ ਤੇ ਮੇਰੇ ਮਾਸਟਰ ਜੀ ਤੇ ਉਹਨਾਂ ਦੀ ਬੋਤਲ ਹੀ ।

ਕੁਝ ਸਮਾਂ ਲੰਘਣ ਤੋਂ ਬਾਅਦ ਮੇਰੇ ਮਾਸਟਰ ਜੀ ਦੀ ਬਦਲੀ ਮੇਰੇ ਸਕੂਲ ਤੋਂ ਉਹਨਾਂ ਦੇ ਏਰੀਏ ਵਿਚ ਸਥਿਤ ਲਾਗੇ ਦੇ ਸਕੂਲ ਵਿਚ ਹੋ ਗਈ । ਮੇਰੇ ਸਵਾਲਾਂ ਦੇ ਜਵਾਬ ਜੋ ਬਾਕੀ ਪੜ੍ਹਾਈ ਕਰਨ ਦੇ ਨਾਲ-ਨਾਲ ਖਤਮ ਤਾਂ ਨਹੀਂ ਹੋਏ, ਸਗੋਂ ਵਧੇਰੇ ਸੋਚ ਨਾਲ ਅੱਗੇ ਵੱਧਦੇ ਹੀ ਗਏ । ਕਿਉਕਿ ਮੈਂ ਹੀ ਏਸ ਤਜ਼ਰਬੇ ਨੂੰ ਰੋਜ਼ਾਨਾ ਦੇਖਦਿਆਂ ਡੂੰਘਾ ਅਨੁਭਵ ਕੀਤਾ ਕਿ ਮੈਂ ਕਲਾਸ ਦੇ ਪਹਿਲੇ ਡੈਸਕ ਅਤੇ ਟਾਟ ਤੇ ਬੈਠ ਅਜਿਹਾ ਦੇਖਿਆ ਸੀ । ਪਰ ਨਹੀਂ ਹੌਲੀ-ਹੌਲੀ ਸਮਝ ਆਉਣ ਲੱਗੀ ਕਿ ਸਮਾਜ ਵਿਚ ਬਹੁਤ ਸਾਰੇ ਸੂਝਵਾਨ ਲੋਕ ਨਸ਼ੇ ਰੂਪੀ ਕੋਹੜ ਨਾਲ ਗ੍ਰਸਤ ਪਾਏ ਦੇਖੇ, ਜੋ ਕਿ ਪਹਿਲਾਂ ਨਵੀਂ ਗੱਲ ਲੱਗੀ ਜਿਵੇਂ ਮਾਸਟਰ ਜੀ ਦੇ ਫੋਨ ਤੋਂ ਸੁਣੀ ਸੀ, ਪਰ ਬਾਅਦ 'ਚ ਕੁਝ ਵੀ ਵੱਖਰਾ ਨਹੀਂ ਲੱਗਾ । ਕਿਉਕਿ ਸਭ ਇੱਕੋ ਜਿਹੇ ਭਟਕੇ ਹੋਏ ਮਹਿਸੂਸ ਹੋਏ ਸਨ । ਇੱਕ ਦੁੱਖ ਸਾਰੇ ਪਹਿਲੂਆਂ ਨੂੰ ਘੋਖ ਕਰਦਿਆਂ ਜ਼ਰੂਰ ਸਾਹਮਣੇ ਆਇਆਂ ਕਿ ਨਸ਼ਾ ਸਰੀਰ ਵਿਚ ਰਚ ਕੇ ਕਿਵੇਂ ਅਗਲੇ ਦਿਨ ਦੀ ਸੂਝ ਬੂਝ ਪ੍ਰਤੀ ਖਤਮ ਕਰਦਾ ਹੈ, ਉੱਥੇ ਸਮਾਜ ਪ੍ਰਤੀ ਚੇਤੰਨ ਹੋਣ ਤੇ ਸੁਚਾਰੂ ਢੰਗ ਨਾਲ ਕੰਮ ਕਰਨ ਦੇ ਨਜ਼ਰੀਏ ਵੀ ਡੇਗਦਾ ਹੈ । ਸਮਾਜਿਕ ਤੌਰ 'ਤੇ ਵੀ ਮਨੁੱਖ ਦਾ ਕਿਰਦਾਰ ਖਤਮ ਹੁੰਦਾ ਹੈ ।

ਪਿਆਰੇ ਬੱਚਿਓ ਇਹ ਮਿੰਨੀ ਕਹਾਣੀ ਇਕ ਹੱਡ ਬੀਤੀ ਸੱਚਾਈ ਜ਼ਰੂਰ ਸੀ ਸਾਨੂੰ ਇਹ ਵੀ ਸਮਝਣ ਦੀ ਲੋੜ ਹੈ ਕਿ ਸਿੱਖਿਆ ਤੇ ਸਮਾਜਿਕ ਸਿੱਖਿਆਵਾਂ ਨੂੰ ਰੋਜ਼ਗਾਰ ਮਿਲਣ ਤੋਂ ਬਾਅਦ ਵੀ ਅਸੀਂ ਸਮਾਜ ਵਿੱਚ ਹਾਲਾਤਾਂ ਤੋਂ ਕਮਜ਼ੋਰ ਹੋ ਕੇ ਕੀਤੇ ਆਪਣਾ ਮਾਨਸਿਕ ਸੰਤੁਲਨ ਤਾਂ ਨਹੀਂ ਗੁਆ ਬੈਠੇ, ਜਿਹੜਾ ਅਸੀਂ ਨਸ਼ੇ ਦੇ ਕੋਹੜ ਤੋਂ ਭਾਵੇਂ ਸਾਡੀ ਛੋਟੀ ਉਮਰ ਹੈ ਜਾਂ ਵੱਡੀ ਉਮਰ ਹੈ, ਆਪਾਂ ਨਹੀਂ ਬਚ ਸਕੇ । ਅਖੀਰ ਅਸੀਂ ਨਸ਼ੇ 'ਚ ਗ੍ਰਸਤ ਕਿੱਦਾਂ ਹੋ ਗਏ ।

ਦੋਸਤੋ ਨਸ਼ਾ ਕੋਈ ਵੀ ਹੋਵੇ, ਫ੍ਰੀ ਵਿਚ ਜਾਂ ਸਵਾਦ ਵਿਚ ਜਦੋਂ ਪੀਣਾ ਸ਼ੁਰੂ ਕਰਦੇ ਹਾਂ, ਕੁਝ ਕੁ ਮਾੜੀ ਸੁਸਾਇਟੀ ਵਿਚ ਰਹਿਣ ਦਾ ਅਸਰ ਨਾਲ ਸ਼ੁਰੂਆਤ ਹੋਵੇ, ਤਾਂ ਮੁੜ ਕੇ ਇਹ ਸਾਨੂੰ ਹਰ ਪਾਸਿਉਂ ਪੀਣਾ ਸ਼ੁਰੂ ਜ਼ਰੂਰ ਕਰ ਦਿੰਦਾ ਹੈ । ਇਹ ਕਹਾਣੀ ਕੇਵਲ ਇਕ ਨੌਜਵਾਨ ਪੀੜੀ/ਵਰਗ ਨੂੰ ਸੰਦੇਸ਼ ਹੈ ਜੋ ਅਗਾਂਹ ਵੀ ਚੰਗੀ ਸਿੱਖਿਆ ਨਾਲ ਆਪਣੀ ਤੰਦਰੁਸਤ ਜ਼ਿੰਦਗੀ ਵਿੱਚ ਗਿਆਨ ਦਾ ਦੀਵਾ ਬਾਲ ਸਕਣ ਤੇ ਚੰਗੇ ਸਮਾਜ ਦੀ ਸਿਰਜਣਾ ਕਰ ਸਕਣ ।

ਇਕ ਗੱਲ ਤਾਂ ਜ਼ਾਹਰ ਹੈ ਕਿ ਨਸ਼ਾ ਕੋਈ ਵੀ ਹੋਵੇ, ਉਹ ਦਿਮਾਗ ਦੇਸੈੱਲਾਂ ਤੇ ਅਸਰ ਜ਼ਰੂਰ ਕਰਦਾ ਹੈ ਤਾਂ ਹੀ ਤਾਂ ਮਨੁੱਖ ਦੇ ਸਾਰੇ ਸਰੀਰ ਨੂੰ ਹਿਲਾ ਕੇ ਟੁੱਟ ਭੱਜ ਵਿਚ ਰੱਖਦਾ ਹੈ, ਜਿਸ ਨੂੰ ਮੁੜ ਠੀਕ ਹੁੰਦਿਆਂ ਉਹਨਾਂ ਸੈੱਲਾਂ ਨੂੰ ਉਰਜਾ ਪੂਰਤੀ ਲਈ ਕਈ ਘੰਟੇ ਲੱਗਦੇ ਹਨ । ਉਹਨੀ ਦੇਰ ਬੰਦਾ ਮਾਨਸਿਕ ਤੇ ਸਰੀਰਕ ਤੌਰ ਤੇ ਖਤਮ ਹੋਇਆ ਰਹਿੰਦਾ ਹੈ ।

ਪਿਆਰੇ ਬੱਚਿਉ ਸਾਨੂੰ ਇਸ ਕਹਾਣੀ ਤੋਂ ਇਹ ਸਿਖਣ ਦੀ ਲੋੜ ਹੈ ਕਿ ਇਕੱਲਾ ਮੇਰੇ ਮਾਸਟਰ ਜੀ ਹੀ ਨਹੀਂ, ਬਲਕਿ ਵਧੇਰੇ ਹੋਰ ਵੀ ਚੰਗੇ ਚੰਗੇ ਅਹੁਦਿਆਂ ਤੇ ਪਹੁੰਚੇ ਤੇ ਬਿਰਾਜਮਾਨ ਹੋਏ ਸੂਝਵਾਨ ਬੰਦੇ ਵੀ ਇਸ ਸਰੀਰਕ ਤੇ ਮਾਨਸਿਕ ਲੁੱਟ ਦੇ ਆਪਣੀ ਜ਼ਿੰਦਗੀ 'ਚ ਨਸ਼ੇ ਰੂਪੀ ਜ਼ਹਿਰ ਨਾਲ ਗ੍ਰਸਤ ਹੋ ਗਏ ਸਨ । ਹੈਰਾਨੀ ਸੀ ਕਿ ਜੇਕਰ ਪੜ੍ਹਿਆ ਲਿਖਿਆ ਵਰਗ ਵੀ ਸ਼ਰਾਬ ਪੀਵੇਗਾ ਤਾਂ ਨਾ ਪੜ੍ਹੇ ਲਿਖੇ ਬੰਦੇ ਤੇ ਪੜ੍ਹੇ-ਲਿਖੇ ਬੰਦੇ ਵਿਚ ਕੀ ਫਰਕ ਰਹਿ ਗਿਆ ।

ਇਹ ਲੇਖ ਕਿਸੇ ਵੀ ਵਰਗ ਨੂੰ ਦੋਸ਼ ਦੇਣ ਲਈ ਨਹੀਂ ਲਿਖਿਆ ਗਿਆ, ਬਲਕਿ ਕੇਵਲ ਇਕ ਸੰਦੇਸ਼ ਹੈ ਜੋ ਅੱਜ ਵੀ ਅਜਿਹੀ ਬਿਰਤੀ ਵਿਚ ਵੱਖ ਵੱਖ ਕਿਰਦਾਰਾਂ ਤੇ ਅਹੁਦਿਆਂ ਵਿਚ ਵਧੇਰੇ ਗਿਆਨ ਹੁੰਦਿਆਂ ਹੋਇਆ ਵੀ ਇਹ ਪਲੀਤ ਪ੍ਰਥਾ ਆਮ ਚੱਲ ਰਹੀ ਹੈ । ਸੁਚੇਤ ਹੋਣ ਵਾਲੀ ਉਮਰ ਤੋਂ ਲੈ ਕੇ ਸੁਚੇਤ ਕਰਨ ਵਾਲੀ ਉਮਰ ਵਾਲੇ ਵੀ ਇਸ ਨਸ਼ੇ ਦੇ ਰੋਗ ਦੇ ਕੋਹੜ ਤੋਂ ਨਹੀਂ ਬਚ ਸਕੇ ।

ਪਿਆਰੇ ਬੱਚਿਓ ਬੁਰੀ ਸੰਗਤ ਵਿਚ ਪੈਣ ਦੀ ਕੋਈ ਉਮਰ ਨਹੀਂ ਹੁੰਦੀ । ਬਸ ਤੁਸੀਂ ਦਰੁੱਸਤ ਰੱਖਦਾ ਹੈ ਆਪਣਾ ਮਾਨਸਿਕ ਸੰਤੁਲਨ, ਕਿ ਸਾਡੀ ਸਿਹਤ ਲਈ ਕੀ ਚੰਗਾ ਤੇ ਕੀ ਮਾੜਾ ਹੈ । ਆਪਣੇ ਧਰਮ ਨਾਲ ਜੁੜੋ ਤੇ ਉਸਦੇ ਸਿਧਾਂਤ ਅਪਣਾਉ, ਮਨੁੱਖਤਾ ਦਾ ਭਲਾ ਕਰਨਾ ਹੀ ਸਾਡਾ ਮੁੱਢਲਾ ਫਰਜ਼ ਹੈ । ਨਸ਼ੇ ਦਾ ਸਾਡੇ ਜੀਵਨ ਸ਼ੈਲੀ ਤੇ ਕੀ ਅਸਰ ਪਵੇਗਾ, ਬੇਸ਼ੱਕ ਉਹ ਸਮਾਜ ਵਿਚ ਵਿਚਰਦਿਆਂ ਹੋਵੇ ਜਾਂ ਆਪਣੇ ਪਰਿਵਾਰ ਵਿਚ ਹੋਵੇ । ਖੈਰ ਏ ਅਜੇ ਵੀ ਨਹੀਂ ਪਤਾ ਲੱਗਾ ਕਿ ਸਮਾਪਤੀ ਸਮਾਜ ਵਿਚੋਂ ਕਿਸਦੀ ਹੋਵੇਗੀ ਨਸ਼ੇ ਦੀ ਜਾਂ ਗਿਆਨ ਦੀ ।

# ਬਾਸਮਤੀ ਉਤਪਾਦਨ ਤੇ ਬਰਾਮਦ ਨੂੰ ਉਤਸ਼ਾਹਿਤ ਕਰਨ ਦਾ ਢੁੱਕਵਾਂ ਸਮਾਂ

**2023 ਦੇ ਸਾਉਣੀ ਸੀਜ਼ਨ 'ਚ, ਪੰਜਾਬ ਦੇ ਕਿਸਾਨਾਂ ਨੇ ਪਿਛਲੇ ਸਾਰੇ ਰਿਕਾਰਡ ਤੋੜਦਿਆਂ 5.96 ਲੱਖ ਹੈਕਟੇਅਰ ਰਕਬੇ 'ਚ ਬਾਸਮਤੀ ਦੀ ਕਾਸ਼ਤ ਕਰਕੇ ਇਕ ਜ਼ਿਕਰਯੋਗ ਪ੍ਰਾਪਤੀ ਹਾਸਿਲ ਕੀਤੀ, ਜੋ ਕਿ ਪੰਜਾਬ ਦੇ ਇਤਿਹਾਸ 'ਚ ਹੁਣ ਤੱਕ ਦੀ ਸਭ ਤੋਂ ਵੱਧ ਹੈ। ਕੇਂਦਰੀ ਭੂਜਲ ਬੋਰਡ ਨੇ ਵਾਤਾਵਰਨ ਸੰਤੁਲਨ ਬਣਾਈ ਰੱਖਣ ਲਈ ਸਾਧਾਰਨ ਚੌਲਾਂ ਦੇ ਖੇਤਰਾਂ ਨੂੰ 18-20 ਲੱਖ ਹੈਕਟੇਅਰ ਤੱਕ ਸੀਮਤ ਕਰਨ ਅਤੇ ਲਗਭਗ 8-10 ਲੱਖ ਹੈਕਟੇਅਰ ਰਕਬਾ ਬਾਸਮਤੀ ਦੇ ਖੁਸ਼ਬੂਦਾਰ ਚੌਲਾਂ ਅਧੀਨ ਲਿਆਉਣ ਦੀਆਂ ਸਿਫਾਰਸ਼ਾਂ ਕੀਤੀਆਂ ਹਨ।**



ਵਣਜ ਵਿਭਾਗ ਤੇ ਖੇਤੀਬਾੜੀ ਅਤੇ ਪ੍ਰੋਸੈਸਡ ਖੁਰਾਕ ਉਤਪਾਦ ਨਿਰਯਾਤ ਵਿਕਾਸ ਅਥਾਰਿਟੀ (ਅਪੇਡਾ) ਨੇ ਬਾਸਮਤੀ ਚੌਲਾਂ ਅਤੇ ਸ਼ਹਿਦ ਵਰਗੇ 20 'ਉੱਚ ਸਮਰੱਥਾ ਵਾਲੇ' ਖੇਤੀ ਉਤਪਾਦਾਂ ਦੀ ਬਰਾਮਦ ਨੂੰ ਉਤਸ਼ਾਹਿਤ ਕਰਨ ਲਈ ਇਕ ਕਾਰਜ ਯੋਜਨਾ ਵਿਕਸਿਤ ਕਰਨ ਲਈ ਰਾਜਾਂ ਸਮੇਤ ਹਿੱਸੇਦਾਰਾਂ ਨਾਲ ਵਿਚਾਰ-ਵਟਾਂਦਰਾ ਸ਼ੁਰੂ ਕੀਤਾ ਹੈ। ਇਹ ਯੋਜਨਾ ਅਗਸਤ ਤੱਕ ਪੂਰੀ ਹੋਣ ਦੀ ਉਮੀਦ ਹੈ। ਇਹ ਪਹਿਲਕਦਮੀ ਪੰਜਾਬ ਦੇ ਕਿਸਾਨਾਂ ਲਈ ਬਾਸਮਤੀ ਦੀ ਕਾਸ਼ਤ ਵਧਾਉਣ ਦਾ ਇਕ ਅਹਿਮ ਅਵਸਰ ਪੇਸ਼ ਕਰਦੀ ਹੈ, ਜਿਸ ਨਾਲ ਪਿਛਲੇ ਸਾਲ ਦੇ 5.96 ਲੱਖ ਹੈਕਟੇਅਰ ਰਕਬੇ ਦੇ ਮੁਕਾਬਲੇ ਇਸ ਸਾਲ ਇਸ ਦੀ ਕਾਸ਼ਤ ਅਧੀਨ ਰਕਬਾ ਸੰਭਾਵਿਤ ਤੌਰ 'ਤੇ 10 ਲੱਖ ਹੈਕਟੇਅਰ ਦੇ ਬਹੁ-ਅਭਿਲਾਖੀ ਟੀਚੇ ਤੱਕ ਪਹੁੰਚ ਸਕਦਾ ਹੈ।



**ਡਾ. ਅੰਮ੍ਰਿਤ ਸਾਗਰ ਮਿੱਤਲ,**
**ਵਾਈਸ ਚੇਅਰਮੈਨ ਸੋਨਾਲੀਕਾ ਗਰੁੱਪ, ਵਾਈਸ ਚੇਅਰਮੈਨ ਪੰਜਾਬ ਯੋਜਨਾ ਬੋਰਡ, ਪੰਜਾਬ ਇਕੋਨੌਮਿਕ ਪਾਲਿਸੀ।**

ਜਿਵੇਂ ਕਿ ਰਵਾਇਤੀ ਝੋਨੇ ਦੀ ਕਾਸ਼ਤ ਘਟਦੀਆਂ ਸੰਭਾਵਨਾਵਾਂ ਦਾ ਸਾਹਮਣਾ ਕਰ ਰਹੀ ਹੈ, ਇਸ ਲਈ ਧਿਆਨ ਬਾਸਮਤੀ ਵੱਲ ਬਦਲਿਆ ਜਾ ਰਿਹਾ ਹੈ, ਇਹ ਇਕ ਖੁਸ਼ਬੂਦਾਰ ਕਿਸਮ ਹੈ, ਜੋ ਆਪਣੇ ਉੱਚ ਮੁੱਲ ਲਈ ਜਾਣੀ ਜਾਂਦੀ ਹੈ ਅਤੇ ਰਵਾਇਤੀ ਝੋਨੇ ਨਾਲੋਂ ਘੱਟ ਪਾਣੀ ਦੀ ਖਪਤ ਕਾਰਨ ਵੀ ਇਕ ਵਾਤਾਵਰਨ ਅਨੁਕੂਲ ਫਸਲ ਹੈ। ਖੇਤੀ ਲਾਗਤਾਂ ਅਤੇ ਕੀਮਤਾਂ ਦੇ ਕਮਿਸ਼ਨ ਦੁਆਰਾ ਅਨੁਮਾਨਿਤ, ਪੰਜਾਬ ਦੇ ਖੇਤੀ-ਜਲਵਾਯੂ ਵਿਚ ਇਕ ਕਿਲੋਗ੍ਰਾਮ ਸਾਧਾਰਨ ਚੌਲ ਪੈਦਾ ਕਰਨ ਲਈ ਲਗਭਗ 4118 ਲੀਟਰ ਪਾਣੀ ਦੀ ਜ਼ਰੂਰਤ ਹੁੰਦੀ ਹੈ, ਜਦੋਂ ਕਿ ਪੱਛਮੀ ਬੰਗਾਲ ਜੋ ਫਸਲ ਲਈ ਇਕ ਕੁਦਰਤੀ ਨਿਵਾਸ ਅਸਥਾਨ ਹੈ, 'ਚ 2169 ਲੀਟਰ ਪਾਣੀ ਦੀ ਜ਼ਰੂਰਤ ਹੁੰਦੀ ਹੈ। ਜਿਵੇਂ ਕਿ ਪੰਜਾਬ ਆਪਣੇ ਖੇਤੀਬਾੜੀ ਯਤਨਾਂ ਨੂੰ ਜਾਰੀ ਰੱਖਦਾ ਹੈ, ਇਸ ਲਈ ਬਾਸਮਤੀ ਅਤੇ ਝੋਨੇ ਦੀ ਕਾਸ਼ਤ ਨੂੰ ਸੰਤੁਲਿਤ ਬਣਾਈ ਰੱਖਣਾ ਟਿਕਾਊ ਜਲ ਪ੍ਰਬੰਧਨ, ਖੇਤੀਬਾੜੀ ਉਤਪਾਦਕਤਾ ਅਤੇ ਬਰਾਮਦ (ਨਿਰਯਾਤ) ਦੇ ਮੌਕਿਆਂ ਲਈ ਮਹੱਤਵਪੂਰਨ ਹੈ।

ਵਿਸ਼ਵ ਬਾਜ਼ਾਰ ਵਿਚ ਭਾਰਤ ਦੀਆਂ ਖੇਤੀ ਬਰਾਮਦਾਂ ਦਾ ਹਿੱਸਾ ਲਗਭਗ 2.5 ਫੀਸਦੀ ਹੈ ਅਤੇ ਸਰਕਾਰ ਦਾ ਟੀਚਾ ਅਗਲੇ ਤਿੰਨ ਸਾਲਾਂ 'ਚ ਇਸਨੂੰ 4 ਤੋਂ 5 ਫੀਸਦੀ ਤੱਕ ਵਧਾਉਣ ਦਾ ਹੈ। ਇਹ ਇੱਛਾ 31 ਮਾਰਚ, 2024 ਨੂੰ ਖਤਮ ਹੋਏ ਵਿੱਤੀ ਸਾਲ 'ਚ ਸਮੁੱਚੀ ਖੇਤੀ ਬਰਾਮਦ 'ਚ 8.2 ਫੀਸਦੀ ਦੀ ਕਮੀ ਤੋਂ ਮੁੜ ਉਭਰਨ ਦੀ ਲੋੜ ਤੋਂ ਪ੍ਰੇਰਿਤ ਹੈ, ਜੋ ਮੁੱਖ ਤੌਰ 'ਤੇ ਸੰਕਟਾਂ ਅਤੇ ਜ਼ਰੂਰੀ ਬਰਾਮਦ ਵਸਤਾਂ 'ਤੇ ਪਾਬੰਦੀਆਂ ਤੋਂ ਪ੍ਰਭਾਵਿਤ ਹੈ। ਹਾਲਾਂਕਿ, ਬਾਸਮਤੀ ਚਾਵਲ ਦੀ ਬਰਾਮਦ 2022-23 'ਚ 4.2 ਬਿਲੀਅਨ ਡਾਲਰ ਤੋਂ ਵੱਧ ਕੇ 2023-24 'ਚ 5.2 ਬਿਲੀਅਨ ਡਾਲਰ ਹੋ ਗਈ, ਜਿਸ 'ਚ ਪੰਜਾਬ ਦਾ ਯੋਗਦਾਨ 40 ਫੀਸਦੀ ਰਿਹਾ।

ਬਾਸਮਤੀ ਚੌਲਾਂ ਦੀ ਖੇਤੀ 'ਚ ਅਹਿਮ ਯੋਗਦਾਨ ਪਾਉਣ ਵਾਲੇ ਪੰਜਾਬ ਦੀ ਇਸ ਵਿਸ਼ਵ ਬਾਜ਼ਾਰ 'ਚ ਅਹਿਮ ਭੂਮਿਕਾ ਹੈ। ਪੰਜਾਬ 'ਚ ਗੈਰ-ਬਾਸਮਤੀ ਤੋਂ ਬਾਸਮਤੀ ਵੱਲ ਤਬਦੀਲ ਹੋਣ ਅਤੇ ਨਵੀਆਂ ਅੰਤਰਰਾਸ਼ਟਰੀ ਮੰਡੀਆਂ 'ਚ ਦਾਖਲ ਹੋਣ ਦੀ ਕਾਫੀ ਸਮਰੱਥਾ ਹੈ। ਬਾਸਮਤੀ ਚੌਲਾਂ ਦੀ ਮਜ਼ਬੂਤ ਮੰਗ ਦੇ ਬਾਵਜੂਦ, ਇਸ ਦੀ ਕੀਮਤ ਅੰਤਰਰਾਸ਼ਟਰੀ ਪੱਧਰ 'ਤੇ ਮੁਕਾਬਲੇ ਵਾਲੀ ਬਣੀ ਹੋਈ ਹੈ। ਦੇਸ਼ ਖੇਤੀਬਾੜੀ 'ਚ ਮੋਹਰੀ ਹੋਣ ਦੇ ਨਾਤੇ, ਪੰਜਾਬ ਨੂੰ ਫਸਲੀ ਵਿਭਿੰਨਤਾ, ਪਾਣੀ ਦੀ ਸੰਭਾਲ ਅਤੇ ਕਿਸਾਨਾਂ ਦੀ ਆਮਦਨ 'ਚ ਵਾਧੇ ਨੂੰ ਉਤਸ਼ਾਹਿਤ ਕਰਨਾ ਹੋਵੇਗਾ ; ਇਕ ਵਿਹਾਰਕ ਅਤੇ ਟਿਕਾਊ ਹੱਲ ਇਹ ਹੋ ਸਕਦਾ ਹੈ ਕਿ ਵੱਧ ਤੋਂ ਵੱਧ ਗੈਰ-ਬਾਸਮਤੀ ਦੀ ਜਗ੍ਹਾ ਬਾਸਮਤੀ ਚੌਲ ਉਗਾਏ ਜਾਣ, ਜਿਸ ਨਾਲ ਕਿਸਾਨਾਂ ਨੂੰ ਲਾਭ ਮਿਲ ਸਕੇ ਅਤੇ ਇਸ ਨੂੰ ਵਧੇਰੇ ਵਾਤਾਵਰਨ ਦੇ ਅਨੁਕੂਲ ਅਤੇ ਵਿਸ਼ਵ ਪੱਧਰ 'ਤੇ ਬਰਾਮਦ ਯੋਗ ਬਣਾਇਆ ਜਾ ਸਕੇ। ਇਹ ਪੰਜਾਬ ਦਾ ਇਕ ਪ੍ਰਮੁੱਖ ਉਤਪਾਦ ਹੈ ਅਤੇ ਇਸ ਨੂੰ ਭੂਗੋਲਿਕ ਸੰਕੇਤ (ਜੀ.ਆਈ) ਟੈਗ ਪ੍ਰਾਪਤ ਹੈ। ਪੰਜਾਬ ਸਰਕਾਰ ਲਈ 'ਇਕ ਜ਼ਿਲ੍ਹਾ, ਇਕ ਉਤਪਾਦ' ਯੋਜਨਾ ਰਾਹੀਂ ਬਾਸਮਤੀ ਚੌਲਾਂ ਦੀ ਬਰਾਮਦ ਦਾ ਜ਼ੋਰਦਾਰ ਸਮਰਥਨ ਕਰਨਾ ਬਹੁਤ ਜ਼ਰੂਰੀ ਹੈ।

### ਵੱਡੀਆਂ ਉਮੀਦਾਂ

2023 ਦੇ ਸਾਉਣੀ ਸੀਜ਼ਨ 'ਚ, ਪੰਜਾਬ ਦੇ ਕਿਸਾਨਾਂ ਨੇ ਪਿਛਲੇ ਸਾਰੇ ਰਿਕਾਰਡ ਤੋੜਦਿਆਂ 5.96 ਲੱਖ ਹੈਕਟੇਅਰ ਰਕਬੇ 'ਚ ਬਾਸਮਤੀ ਦੀ ਕਾਸ਼ਤ ਕਰਕੇ ਇਕ ਜ਼ਿਕਰਯੋਗ ਪ੍ਰਾਪਤੀ ਹਾਸਿਲ ਕੀਤੀ, ਜੋ ਕਿ ਪੰਜਾਬ ਦੇ ਇਤਿਹਾਸ 'ਚ ਹੁਣ ਤੱਕ ਦੀ ਸਭ ਤੋਂ ਵੱਧ ਹੈ। ਕੇਂਦਰੀ ਭੂਜਲ ਬੋਰਡ ਨੇ ਵਾਤਾਵਰਨ ਸੰਤੁਲਨ ਬਣਾਈ ਰੱਖਣ ਲਈ ਸਾਧਾਰਨ ਚੌਲਾਂ ਦੇ ਖੇਤਰਾਂ ਨੂੰ 18-20 ਲੱਖ ਹੈਕਟੇਅਰ ਤੱਕ ਸੀਮਤ ਕਰਨ ਅਤੇ ਲਗਭਗ 8-10 ਲੱਖ ਹੈਕਟੇਅਰ ਰਕਬਾ ਬਾਸਮਤੀ ਦੇ ਖੁਸ਼ਬੂਦਾਰ ਚੌਲਾਂ ਅਧੀਨ ਲਿਆਉਣ ਦੀਆਂ ਸਿਫਾਰਸ਼ਾਂ ਕੀਤੀਆਂ ਹਨ। ਮੌਜੂਦਾ ਬਿਜਾਈ ਦੇ ਸੀਜ਼ਨ 'ਚ, ਬਾਸਮਤੀ ਅਧੀਨ 10 ਲੱਖ ਹੈਕਟੇਅਰ ਰਕਬੇ ਦਾ ਟੀਚਾ ਖੇਤਰ ਵਿਭਿੰਨਤਾ ਅਤੇ ਨਵੀਆਂ ਵਿਸ਼ਵ ਮੰਡੀਆਂ ਤੱਕ ਪਹੁੰਚ ਦੀ ਆਗਿਆ ਦੇਵੇਗਾ।

ਬਾਸਮਤੀ ਦੀ ਕਾਸ਼ਤ ਵਾਲੇ ਵੱਖ-ਵੱਖ ਜ਼ਿਲ੍ਹਿਆਂ ਦੇ ਕਿਸਾਨਾਂ ਨੂੰ ਨਿਰਯਾਤ-ਮੁਖੀ ਬਾਸਮਤੀ ਕਿਸਮਾਂ ਦੀ ਚੋਣ ਕਰਨੀ ਚਾਹੀਦੀ ਹੈ, ਖੇਤੀ ਲਈ ਢੁੱਕਵੀਂ ਮਿੱਟੀ ਦੀ ਵਰਤੋਂ ਕਰਨੀ ਚਾਹੀਦੀ ਹੈ, ਸਿੰਚਾਈ ਦੇ ਪਾਣੀ ਦੀ ਗੁਣਵੱਤਾ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ, ਗੁਣਵੱਤਾ ਕੰਟਰੋਲ ਉਪਾਵਾਂ ਨੂੰ ਲਾਗੂ ਕਰਨੀ ਚਾਹੀਦਾ ਹੈ ਅਤੇ ਲਾਗਤ ਪ੍ਰਭਾਵੀ ਤੇ ਵਾਤਾਵਰਨ ਅਨੁਕੂਲ ਉਤਪਾਦਨ ਵਿਧੀਆਂ ਦੀ ਵਰਤੋਂ ਕਰਨੀ ਚਾਹੀਦੀ ਹੈ।

ਪੰਜਾਬ ਦੇ ਉੱਤਰੀ ਭਾਗਾਂ 'ਚ ਖੇਤੀ-ਜਲਵਾਯੂ ਦੇ ਅਨੁਕੂਲ ਹਾਲਾਤ ਹਨ। ਉਨ੍ਹਾਂ ਨੂੰ ਰਵਾਇਤੀ ਬਾਸਮਤੀ-ਚੌਲਾਂ ਦੀ ਖੁਸ਼ਬੂ ਨੂੰ ਬਣਾਈ ਰੱਖਦਿਆਂ ਰੱਖਦਿਆਂ ਅਤੇ ਪਾਬੰਦੀਸ਼ੁਦਾ ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ ਨੂੰ ਘੱਟ ਤੋਂ ਘੱਟ ਕਰਦਿਆਂ ਵੱਧ ਝਾੜ ਅਤੇ ਘੱਟ ਪਾਣੀ ਦੀ ਖਪਤ ਵਾਲੀਆਂ ਬਰਾਮਦ-ਮਿਆਰ ਵਾਲੀਆਂ ਬਾਸਮਤੀ ਕਿਸਮਾਂ ਦੇ ਉਤਪਾਦਨ 'ਤੇ ਧਿਆਨ ਦੇਣਾ ਚਾਹੀਦਾ ਹੈ। ਉਦਯੋਗ ਦੀ ਸਥਿਰਤਾ ਨੂੰ ਯਕੀਨੀ ਬਣਾਉਣ ਲਈ ਮਿਆਰੀ ਬਾਸਮਤੀ ਪੈਦਾ ਕਰਨ ਲਈ ਕਿਸਾਨਾਂ ਨੂੰ ਉਤਸ਼ਾਹਿਤ ਕਰਨ ਦੇ ਨਾਲ-ਨਾਲ ਸਿਖਲਾਈ ਦਿੱਤੀ ਜਾਣੀ ਚਾਹੀਦੀ ਹੈ। ਉੱਚ ਕੀਮਤਾਂ ਨੇ ਰਵਾਇਤੀ ਫਸਲ ਪੈਟਰਨ ਤੋਂ ਬਰਾਮਦ ਦੀ ਸੰਭਾਵਨਾ ਵੱਲ ਬਦਲਾਅ ਨੂੰ ਪ੍ਰੇਰਿਤ ਕੀਤਾ ਹੈ, ਕਿਉਂਕਿ ਹਾਲ ਹੀ 'ਚ ਸਰਕਾਰ ਵਲੋਂ ਐਲਾਨੇ ਆਮ ਝੋਨੇ ਦਾ ਘੱਟੋ-ਘੱਟ ਸਮਰਥਨ ਮੁੱਲ (ਐਮ. ਐਸ. ਪੀ.) 2300 ਰੁਪਏ ਪ੍ਰਤੀ ਕੁਇੰਟਲ ਹੈ, ਜੋ ਕਿ ਸਿਰਫ 117 ਰੁਪਏ ਦਾ ਵਾਧਾ ਹੈ। ਝੋਨੇ ਦੇ ਘੱਟ ਅਨੁਸਾਰ, ਇਕ ਕਿਸਾਨ ਝਾੜ ਦੇ ਆਧਾਰ 'ਤੇ 62000 ਰੁਪਏ 70000 ਰੁਪਏ ਪ੍ਰਤੀ ਏਕੜ ਤੱਕ ਦਾ ਝੋਨਾ ਵੇਚ ਸਕਦਾ ਹੈ, ਜਦੋਂ ਕਿ ਬਾਸਮਤੀ ਦੀ ਕੀਮਤ ਝੋਨੇ ਦੀ ਸਾਧਾਰਨ ਕਿਸਮ ਨਾਲੋਂ 8-10 ਕੁਇੰਟਲ ਘੱਟ ਝਾੜ ਦੇ ਬਾਵਜੂਦ, 65000 ਰੁਪਏ ਤੋਂ ਇਕ ਲੱਖ ਰੁਪਏ ਪ੍ਰਤੀ ਏਕੜ ਮਿਲ ਸਕਦੀ ਹੈ।

### ਬਰਾਮਦਮੁਖੀ ਬਾਸਮਤੀ ਖੇਤਰ

ਅੰਮ੍ਰਿਤਸਰ, ਤਰਨਤਾਰਨ, ਗੁਰਦਾਸਪੁਰ, ਹੁਸ਼ਿਆਰਪੁਰ, ਮੋਗਾ, ਮੁਕਤਸਰ, ਫਰੀਦਕੋਟ, ਫਤਹਿਗੜ੍ਹ ਸਾਹਿਬ, ਫਾਜ਼ਿਲਕਾ ਅਤੇ ਜਲੰਧਰ ਸਮੇਤ ਪੰਜਾਬ ਦੇ ਇਕ ਦਰਜਨ ਜ਼ਿਲ੍ਹਿਆਂ 'ਚ 'ਇਕ ਜ਼ਿਲ੍ਹਾ ਇਕ ਉਤਪਾਦ' ਮਿਸ਼ਨ ਤਹਿਤ ਬਾਸਮਤੀ ਬਰਾਮਦ ਲਈ ਵਿਸ਼ੇਸ਼ ਬਾਸਮਤੀ ਖੇਤਰ ਵਜੋਂ ਵਿਕਸਤ ਹੋਣ ਦੀ ਸਮਰੱਥਾ ਰੱਖਦੇ ਹਨ। ਇਨ੍ਹਾਂ ਖੇਤਰਾਂ 'ਚ, ਬਰਾਮਦ-ਮੁਖੀ ਬਾਸਮਤੀ ਕਿਸਮਾਂ ਦੀ ਸਾਵਧਾਨੀ ਨਾਲ ਚੋਣ ਕਰਕੇ, ਖੇਤੀ ਲਈ ਮਿੱਟੀ ਦੀ ਅਨੁਕੂਲਤਾ ਨੂੰ ਧਿਆਨ 'ਚ ਰੱਖਦੇ ਹੋਏ, ਮਿਆਰੀ ਸਿੰਚਾਈ ਪਾਣੀ ਨੂੰ ਯਕੀਨੀ ਬਣਾਉਣ, ਮੰਗ-ਆਧਾਰਿਤ ਗੁਣਵੱਤਾ ਕੰਟਰੋਲ ਉਪਾਵਾਂ ਨੂੰ ਲਾਗੂ ਕਰਨ ਤੇ ਲਾਗਤ-ਪ੍ਰਭਾਵੀ ਅਤੇ ਵਾਤਾਵਰਨ-ਅਨੁਕੂਲ ਉਤਪਾਦਨ ਵਿਧੀਆਂ ਨੂੰ ਅਪਣਾ ਕੇ ਉਤਪਾਦ ਦੀ ਗੁਣਵੱਤਾ ਬਣਾਈ ਰੱਖਣਾ ਮਹੱਤਵਪੂਰਨ ਹੋ ਸਕਦਾ ਹੈ।

ਇਨ੍ਹਾਂ ਖੇਤਰਾਂ ਦੇ ਕਿਸਾਨਾਂ ਨੂੰ ਵਿਸ਼ਵ ਗੁਣਵੱਤਾ ਨੂੰ ਬਰਕਰਾਰ ਰੱਖਣ ਲਈ ਮੰਗ ਆਧਾਰਿਤ ਖੁਸ਼ਬੂਦਾਰ ਬਾਸਮਤੀ ਚੌਲਾਂ ਦੇ ਉਤਪਾਦਨ 'ਤੇ ਸਖਤੀ ਨਾਲ ਧਿਆਨ ਦੇਣਾ ਚਾਹੀਦਾ ਹੈ। ਬਾਸਮਤੀ-370 ਅਤੇ ਬਾਸਮਤੀ-385 ਵਰਗੀਆਂ ਵੱਖ-ਵੱਖ ਖੁਸ਼ਬੂਦਾਰ ਬਾਸਮਤੀ ਕਿਸਮਾਂ ਦੀ ਪਛਾਣ ਯਕੀਨੀ ਬਣਾਉਣਾ ਜ਼ਰੂਰੀ ਹੈ। ਪਾਬੰਦੀਸ਼ੁਦਾ ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ ਅਤੇ ਰਵਾਇਤੀ ਬਾਸਮਤੀ ਚੌਲਾਂ ਦੀ ਸ਼ਾਨਦਾਰ ਖੁਸ਼ਬੂ ਨੂੰ ਬਰਕਰਾਰ ਰੱਖਦੇ ਹੋਏ ਵੱਧ ਝਾੜ ਅਤੇ ਘੱਟ ਪਾਣੀ ਦੀ ਖਪਤ ਵਾਲੀਆਂ ਬਾਸਮਤੀ ਦੀਆਂ ਨਵੀਆਂ ਕਿਸਮਾਂ ਵਿਕਸਤ ਕੀਤੀਆਂ ਗਈਆਂ ਹਨ।

ਬਾਸਮਤੀ ਤੋਂ ਮੁਨਾਫਾ ਬਰਕਰਾਰ ਰੱਖਣ ਲਈ ਕਿਸਾਨਾਂ ਨੂੰ ਬੀਜਣ ਅਤੇ ਵਾਢੀ ਤੋਂ ਲੈ ਕੇ ਫਸਲ ਸੰਭਾਲਣ ਅਤੇ ਮੰਡੀਕਰਨ ਤੱਕ ਹਰ ਪੜਾਅ 'ਤੇ ਬੇਮਿਸਾਲ ਗੁਣਵੱਤਾ ਦੇ ਮਾਪਦੰਡਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਵਿਸ਼ਵ ਖਰੀਦਦਾਰਾਂ ਨੂੰ ਉਨ੍ਹਾਂ ਦੁਆਰਾ ਖਰੀਦੇ ਜਾ ਰਹੇ ਵਿਲੱਖਣ ਚੌਲਾਂ ਦੀ ਗੁਣਵੱਤਾ ਬਾਰੇ ਯਕੀਨ ਹੋਣਾ ਚਾਹੀਦਾ ਹੈ। ਗੁਣਵੱਤਾ ਪ੍ਰਤੀ ਸੁਚੇਤ ਵਿਸ਼ਵ ਮੰਡੀਆਂ, ਜਿਵੇਂ ਕਿ ਬਰਤਾਨੀਆਂ, ਬਰਾਂਡ ਦੀ ਭਰੋਸੇਯੋਗਤਾ ਦੀ ਪੁਸ਼ਟੀ ਕਰਨ ਅਤੇ ਚੌਲਾਂ ਦੀਆਂ ਹੋਰ ਕਿਸਮਾਂ ਨਾਲ ਮਿਲਾਵਨ ਦਾ ਪਤਾ ਲਗਾਉਣ ਲਈ ਡੀ. ਐਨ. ਏ. ਫਿੰਗਰਪ੍ਰਿੰਟ ਦੀ ਵਰਤੋਂ ਕਰਦੇ ਹਨ।

### ਮੰਗ-ਸੰਚਾਲਿਤ ਵਿਸ਼ਵ ਬਾਜ਼ਾਰ

ਉੱਚ ਗੁਣਵੱਤਾ ਵਾਲੇ ਖੁਸ਼ਬੂ ਵਾਲੇ ਬਾਸਮਤੀ ਚਾਵਲ ਨੂੰ ਰਵਾਇਤੀ ਤੌਰ 'ਤੇ ਅਮਰੀਕਾ, ਯੂਰਪ, ਸਾਊਦੀ ਅਰਬ, ਈਰਾਨ, ਇਰਾਕ, ਯੂ. ਏ. ਈ. ਅਤੇ ਯਮਨ ਨੂੰ ਬਰਾਮਦ ਕੀਤਾ ਜਾਂਦਾ ਰਿਹਾ ਹੈ। ਆਪਣੀ ਅੰਤਰਰਾਸ਼ਟਰੀ ਬਰਾਮਦ ਸਮਰੱਥਾ ਦਾ ਵਿਸਥਾਰ ਕਰਨ ਲਈ, ਸਾਨੂੰ ਮਲੇਸ਼ੀਆ, ਕੈਨੇਡਾ, ਜਰਮਨੀ, ਫਰਾਂਸ, ਦੱਖਣੀ ਕੋਰੀਆ, ਚੀਨ, ਇੰਡੋਨੇਸ਼ੀਆ, ਜਾਪਾਨ, ਇਟਲੀ, ਬੈਲਜੀਅਮ ਅਤੇ ਯੂ. ਕੇ. 'ਚ ਬਾਜ਼ਾਰ ਤਲਾਸ਼ਣੇ ਚਾਹੀਦੇ ਹਨ। ਪੰਜਾਬ ਨੂੰ ਬਾਸਮਤੀ ਚੌਲਾਂ ਦੀ ਬਰਾਮਦ 'ਚ ਵਿਸ਼ਵ ਆਗੂ ਬਣਨ ਲਈ ਅਮਰੀਕਾ ਅਤੇ ਯੂਰਪੀ ਸੰਘ ਅਤੇ ਜਾਪਾਨ ਦੁਆਰਾ ਜ਼ਰੂਰੀ ਹੋਰ ਕਿਸਮਾਂ ਲਈ ਲਾਲ ਚਾਵਲ ਵਰਗੀਆਂ ਅਨੁਕੂਲਿਤ ਕਿਸਮਾਂ ਵਿਕਸਿਤ ਕਰਨ ਦੀ ਵੀ ਜ਼ਰੂਰਤ ਹੈ।

ਨਿਰਧਾਰਿਤ ਬਾਸਮਤੀ ਬਰਾਮਦ ਵਾਲੇ ਖੇਤਰਾਂ 'ਚ ਫਸਲ ਦੇ ਉਤਪਾਦਨ, ਸਾਂਭ ਸੰਭਾਲ ਭਾਵ ਗੁਣਵੱਤਾ ਕੰਟਰੋਲ, ਮੰਡੀਕਰਨ ਪ੍ਰਣਾਲੀਆਂ ਅਤੇ ਬੁਨਿਆਦੀ ਢਾਂਚੇ ਦੀ ਸਥਾਪਨਾ ਜ਼ਰੂਰੀ ਹੈ। ਮਿਆਰੀ ਬਾਸਮਤੀ ਪੈਦਾ ਕਰਨ ਲਈ ਕਿਸਾਨਾਂ ਨੂੰ ਉਤਸਾਹਿਤ ਕਰਨ ਦੇ ਨਾਲ-ਨਾਲ ਸ਼ਿੱਦਤ ਨਾਲ ਸਿਖਲਾਈ ਦਿੱਤੀ ਜਾਣੀ ਚਾਹੀਦੀ ਹੈ। ਪੰਜਾਬ ਸਰਕਾਰ ਨੂੰ ਵਿਸ਼ਵ ਬਾਜ਼ਾਰ 'ਚ ਉਤਪਾਦ ਦੀ ਮੁਕਾਬਲੇਬਾਜ਼ੀ ਨੂੰ ਯਕੀਨੀ ਬਣਾਉਣ ਲਈ ਬਾਸਮਤੀ ਦੀ ਬਰਾਮਦ 'ਤੇ ਬਾਜ਼ਾਰ ਅਤੇ ਪੇਂਡੂ ਵਿਕਾਸ ਟੈਕਸਾਂ ਤੋਂ ਪੂਰੀ ਤਰ੍ਹਾਂ ਛੋਟ ਦੇਣ ਦੀ ਜ਼ਰੂਰਤ ਹੈ।



ਟੋਭੇ ਵਿਚ ਮੀਂਹ ਦੇ ਪਾਣੀ ਦੀ ਸੰਭਾਲ

# ਕੰਢੀ ਖੇਤਰ ਵਿੱਚ ਟੋਭਿਆਂ ਰਾਹੀਂ ਮੀਂਹ ਦੇ ਪਾਣੀ ਦੀ ਸਾਂਭ ਸੰਭਾਲ

ਪਾਣੀ ਕੁਦਰਤ ਦੀ ਇਕ ਵੱਡਮੁੱਲੀ ਦਾਤ ਹੈ ਅਤੇ ਕਿਸੇ ਵੀ ਫਸਲ ਦੀ ਪੈਦਾਵਾਰ ਪਾਣੀ ਦੀ ਉਪਲੱਬਧਤਾ ਉੱਪਰ ਨਿਰਭਰ ਕਰਦੀ ਹੈ। ਪੰਜਾਬ ਦਾ ਲਗਭਗ 10 ਫੀਸਦੀ ਰਕਬਾ ਨੀਮ ਪਹਾੜੀ ਖੇਤਰ ਹੈ ਜੋ ਕਿ ਸ਼ਿਵਾਲਿਕ ਪਹਾੜੀਆਂ ਦੇ ਅਧੀਨ

**ਜਸਪ੍ਰੀਤ ਸਿੰਘ, ਅਬਰਾਰ ਯੂਸਫ ਅਤੇ ਮੁਹੰਮਦ ਅਮੀਨ ਭੱਟ,**
**ਖੇਤਰੀ ਖੋਜ ਕੇਂਦਰ, ਬੱਲੋਵਾਲ ਸੌਂਖੜੀ**
ਮੋ. 95928-22252

ਪਾਇਆ ਜਾਂਦਾ ਹੈ ਜਿਸਨੂੰ ਕੰਢੀ ਖੇਤਰ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਖੇਤਰ ਵਿਚ ਸਾਉਣੀ ਦੀ ਮੁੱਖ ਫਸਲ ਮੱਕੀ ਹੈ। ਕੰਢੀ ਇਲਾਕੇ ਵਿਚ ਪਾਣੀ ਦੀ ਬਹੁਤ ਘਾਟ ਹੈ। ਜਿਸਦੇ ਮੁੱਖ ਕਾਰਨ ਮੀਂਹ ਦੀ ਸਮੇਂ ਅਨੁਸਾਰ ਠੀਕ ਵੰਡ ਨਾ ਹੋਣਾ, ਧਰਤੀ ਹੇਠਲੇ ਪਾਣੀ ਦੇ ਪੱਧਰ ਦਾ ਨੀਵਾਂ ਹੋਣਾ ਅਤੇ ਧਰਤੀ ਦਾ ਸਮਤਲ ਨਾ ਹੋਣਾ। ਕੰਢੀ ਇਲਾਕੇ ਵਿਚ ਪੰਜਾਬ ਦੇ ਬਾਕੀ ਇਲਾਕਿਆਂ ਨਾਲੋਂ ਬਰਸਾਤ ਜ਼ਿਆਦਾ ਹੁੰਦੀ ਹੈ ਅਤੇ ਧਰਤੀ ਦਾ ਉੱਚਾ ਨੀਂਵਾ ਹੋਣ ਕਾਰਣ ਮੀਂਹ ਦਾ ਪਾਣੀ ਨੀਂਵੇ ਇਲਾਕਿਆਂ ਨੂੰ ਜਾਂਦਾ ਹੈ। ਇਸ ਲਈ ਮੀਂਹ ਦੇ ਪਾਣੀ ਨੂੰ ਸਿੰਚਾਈ ਵਾਸਤੇ ਵਰਤਣ ਲਈ ਉਸਦੀ ਸਾਂਭ ਸੰਭਾਲ ਕਰਨਾ ਅਤੇ ਉਸਨੂੰ ਸੁਰੱਖਿਅਤ ਥਾਂ ਜਿਵੇਂ ਕਿ ਟੋਭਿਆਂ ਵਿਚ ਇਕੱਠਾ ਕਰਨਾ ਬਹੁਤ ਜਰੂਰੀ ਹੈ। ਲੋੜ ਪੈਣ ਉੱਚੀ ਮੱਕੀ ਦੀ ਫਸਲ ਵਿਚ ਇਸ ਪਾਣੀ ਨੂੰ ਵਰਤਿਆ ਜਾ ਸਕਦਾ ਹੈ ਅਤੇ ਵੱਧ ਝਾੜ ਲਿਆ ਜਾ ਸਕਦਾ ਹੈ। ਇਸਦੇ ਨਾਲ ਭੋਂ ਖੋਰ ਨੂੰ ਵੀ ਘਟਾਇਆ ਜਾ ਸਕਦਾ ਹੈ। ਕੰਢੀ ਇਲਾਕੇ ਦੇ ਕਿਸਾਨ ਜ਼ਿਆਦਾਤਰ ਛੋਟੇ ਅਤੇ ਮਧਿਅਮ ਸ਼੍ਰੇਣੀ ਦੇ ਨਹੀਂ ਅਤੇ ਉਹਨਾਂ ਕੋਲ ਸਰੋਤਾਂ ਦੀ ਘਾਟ ਹੋਣ ਕਾਰਣ ਟੋਭਿਆਂ ਦੇ ਪਾਣੀ ਦੀ ਬਹੁਤ ਮਹੱਤਤਾ ਹੈ। ਮੀਂਹ ਦੇ ਪਾਣੀ ਨੂੰ ਟੋਭੇ ਵਿਚ ਇਕੱਠਾ ਕਰਕੇ ਸੂਰਜੀ ਊਰਜਾ ਪੰਪ ਨਾਲ ਤੁਪਕਾ ਸਿੰਚਾਈ ਵਿਧੀ ਰਾਹੀਂ ਮੱਕੀ ਫੀ ਫਸਲ ਨੂੰ ਪਾਣੀ ਲਾਇਆ ਜਾ ਸਕਦਾ ਹੈ। ਮੱਕੀ ਦੇ ਨਿਸਰਣ ਦੀ ਅਵਸਥਾ ਅਤੇ ਸੂਤ ਕੱਤਣ ਸਮੇਂ ਟੋਭਿਆਂ ਵਿਚੋਂ ਪਾਣੀ ਵਰਤਕੇ ਅਸੀਂ ਬਰਾਨੀ ਮੱਕੀ ਨਾਲੋਂ 30 ਤੋਂ 40 ਫੀਸਦੀ ਵਧੇਰੇ ਝਾੜ ਲੈ ਸਕਦੇ ਹਾਂ ਇਸ ਲਈ ਸਮੇਂ ਸਿਰ ਇਹਨਾਂ ਟੋਭਿਆਂ ਦੀ ਸਾਂਭ ਸੰਭਾਲ ਕਰਕੇ ਅਸੀਂ ਮੀਂਹ ਦੇ ਪਾਣੀ ਨੂੰ ਢੁੱਕਵੇਂ ਸਮੇਂ ਤੇ ਸਿੰਚਾਈ ਲਈ ਵਰਤ ਸਕਦੇ ਹਾਂ।



ਮੱਕੀ ਵਿਚ ਤੁਪਕਾ ਸਿੰਚਾਈ ਵਿਧੀ ਦੀ ਵਰਤੋਂ

# ਝੋਨੇ ਦੀ ਸਿੱਧੀ ਬਿਜਾਈ ਵਾਲੇ ਖੇਤਾਂ ਵਿੱਚ ਨਦੀਨਾਂ ਦੀ ਰੋਕਥਾਮ-ਨਵੀਆਂ ਸਿਫਾਰਸ਼ਾਂ

ਸਿੱਧੇ ਬੀਜੇ ਹੋਏ ਝੋਨੇ ਵਿਚ ਕਈ ਤਰ੍ਹਾਂ ਦੇ ਨਦੀਨ ਆਉਂਦੇ ਹਨ। ਇਹ ਨਦੀਨ ਕਈ ਲੋਆਂ ਵਿਚ ਉੱਗਦੇ ਹਨ। ਝੋਨੇ ਦੀ ਸਿੱਧੀ ਬਿਜਾਈ ਤੋਂ ਤੁਰੰਤ ਬਾਅਦ ਇਕ ਲਿਟਰ ਪ੍ਰਤੀ ਏਕੜ ਪੇਪੇ 25% ਐਸ ਈ (ਪੈਂਡੀਮੈਥਾਲਿਨ 24% + ਪਿਨੋਕਸੁਲਮ 1%) ਨੂੰ 200 ਲਿਟਰ ਪਾਣੀ ਵਿਚ ਘੋਲ ਕੇ 'ਟੱਕ ਵਾਲੀ' ਨੋਜ਼ਲ ਵਰਤ ਕੇ ਛਿੜਕਾਅ ਕਰੋ। ਇਸ ਨਾਲ ਕਈ ਤਰ੍ਹਾਂ ਦੇ ਮੌਸਮੀ ਘਾਹ ਜਿਵੇਂ ਕਿ



ਸਵਾਂਕ, ਗੁੜਤ ਮਧਾਣਾ, ਮੱਕੜਾ, ਤੱਕੜੀ ਘਾਹ, ਛੋਟੇ ਬੀਜ ਵਾਲੇ ਚੌੜੇ ਪੱਤਿਆਂ ਵਾਲੇ ਨਦੀਨਾਂ ਅਤੇ ਗੰਢੀ ਵਾਲੇ ਮੋਥੇ ਦੀ 3 ਤੋਂ 4 ਹਫਤਿਆਂ ਤੱਕ ਅਸਰਦਾਰ ਰੋਕਥਾਮ ਕੀਤੀ ਜਾ ਸਕਦੀ ਹੈ। ਇਸ ਨਦੀਨਨਾਸ਼ਕ ਤੋਂ ਪੂਰਾ ਫਾਇਦਾ ਲੈਣ ਲਈ ਮਿੱਟੀ ਵਿਚ ਪੂਰੀ ਨਮੀਂ ਦਾ ਹੋਣਾ ਬਹੁਤ ਜ਼ਰੂਰੀ ਹੈ ਅਤੇ ਇਹ ਕੋਸ਼ਿਸ਼ ਕਰਨੀ ਚਾਹੀਦੀ ਹੈ ਛਿੜਕਾਅ ਸਵੇਰ ਸਮੇਂ ਜਾਂ ਸ਼ਾਮ ਨੂੰ ਕੀਤਾ ਜਾਵੇ।

ਇਸ ਤੋਂ ਇਲਾਵਾ ਬਿਜਾਈ ਤੋਂ ਤਕਰੀਬਨ 20-25 ਦਿਨਾਂ ਤੇ ਖੇਤ ਵਿਚ ਉੱਗੇ ਨਦੀਨਾਂ ਦੀ ਕਿਸਮ ਦੇ ਆਧਾਰ ਤੇ ਨਦੀਨਨਾਸ਼ਕ ਦੀ ਵਰਤੋਂ ਕਰਨੀ ਚਾਹੀਦੀ ਹੈ। ਖੇਤ ਵਿਚ ਜੇਕਰ ਸਵਾਂਕ (ਸੋਕਾ), ਚੀਨੀ/ਘੋੜਾ/ਡੱਡੂ ਘਾਹ, ਚੌੜੇ ਪੱਤੇ ਵਾਲੇ ਨਦੀਨ ਅਤੇ ਮੋਥੇ (ਛਤਰੀ ਵਾਲਾ ਮੋਥਾ, ਗੰਢੀ ਵਾਲਾ ਮੋਥਾ) ਮੌਜੂਦ ਹੋਣ ਤਾਂ 500 ਮਿਲੀਲਿਟਰ ਪ੍ਰਤੀ ਏਕੜ ਨੋਵਲੈਕਟ 12 ਈ ਸੀ (ਫਲੋਰਪਾਈਰਾਕਸੀਫੇਨ 2.13% + ਸਾਈਹੈਲੋਫੋਪ 10.64%) ਦੇ ਹਿਸਾਬ 150 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ। ਬਿਜਾਈ ਤੋਂ ਤਕਰੀਬਨ 20-25 ਦਿਨਾਂ ਵਿਚ ਇਹਨਾਂ ਨਦੀਨਾਂ ਦੇ ਬੂਟੇ 2-4 ਪੱਤਿਆਂ ਦੀ ਅਵਸਥਾ ਵਿਚ ਹੋਣ। ਛਿੜਕਾਅ ਵਾਸਤੇ ਹਮੇਸ਼ਾਂ ਕੱਟ ਵਾਲੀ ਨੋਜ਼ਲ ਵਰਤੋ। ਜ਼ਿਆਦਾ ਛੋਟੀ ਫਸਲ ਤੇ ਛਿੜਕਾਅ ਕਰਨ ਨਾਲ ਫਸਲ ਦਾ ਨੁਕਸਾਨ ਹੋ ਸਕਦਾ ਹੈ ਅਤੇ ਜੇਕਰ ਨਦੀਨਾਂ ਦੇ ਬੂਟੇ ਵੱਡੇ ਹੋ ਜਾਣ ਤਾਂ ਨਦੀਨਨਾਸ਼ਕ ਦਾ ਅਸਰ ਘੱਟ ਜਾਂਦਾ ਹੈ। ਛਿੜਕਾਅ ਸਮੇਂ ਖੇਤ ਵਿਚ ਸਲ੍ਹਾਬ ਦਾ ਹੋਣਾ ਬਹੁਤ ਜ਼ਰੂਰੀ ਹੈ।

ਫਸਲ ਦੇ ਅਖੀਰਲੇ ਪੜਾਵਾਂ ਵਿਚ ਜੇ ਨਦੀਨ ਉੱਗ ਪੈਂਦੇ ਹਨ, ਉਹ ਭਾਵੇਂ ਝਾੜ ਤੇ ਅਸਰ ਨਹੀਂ ਪਾਉਣਗੇ ਪਰ ਉਨ੍ਹਾਂ ਬੂਟਿਆਂ ਨੂੰ ਬੀਜ ਪੈਣ ਤੋਂ ਪਹਿਲਾਂ ਪੁੱਟ ਦਿਓ ਤਾਂ ਕਿ ਝੋਨੇ ਦੀ ਅਗਲੀ ਫਸਲੀ ਵਿਚ ਨਦੀਨਾਂ ਦੀ ਸਮੱਸਿਆ ਨੂੰ ਘਟਾਇਆ ਜਾ ਸਕੇ।

**ਤਰੁਨਦੀਪ ਕੌਰ, ਸਿਮਰਜੀਤ ਕੌਰ ਅਤੇ ਮੱਖਣ ਸਿੰਘ ਭੁੱਲਰ,**
**ਫਸਲ ਵਿਗਿਆਨ ਵਿਭਾਗ, ਮੋਬਾਇਲ : 92163-57392**

